ਨਵੰਬਰ-2011

# ਸਰੋਕਾਰਾਂ ਦੀ ਆਵਾਜ਼

## ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ



ਵਿਸ਼ਵੀ ਪਿੰਡ ਵਿਰੋਧਾਂ ਦਾ ਘਰ ਬਣ ਗਿਆ ਹੈ। ਕੋਈ ਵੀ ਦੁਨੀਆ ਦਾ ਕੋਨਾ ਸ਼ਾਂਤ ਨਹੀਂ ਹੈ। ਲੋਕ ਨਵੇਂ ਸਮਾਜ ਦੀ ਤਲਾਸ਼ 'ਚ ਆਪੋ-ਆਪਣੇ ਢੰਗਾਂ ਨਾਲ ਵਿਰੋਧ ਦਾ ਇਜ਼ਹਾਰ ਕਰ ਰਹੇ ਹਨ।

# Pro-People Arts Project Media Group

"To create self-awareness in our community so that we will elude obscurity, devote to unwavering symbolism, and become sponged into a society that benefits us as a whole.

'Demand identity' and we will become an effective futuristic society.

ਮਾਰਕਸਵਾਦ ਮਹਿਜ਼ 'ਮਜ਼ਬੂਤੀ, ਤਰਕਸੰਗਤਾ ਤੇ ਸਪਸ਼ਟਤਾ ਅਤੇ 'ਪ੍ਰਮਾਣੀਕ ਵਿਚਾਰ' ਦੇ ਸੰਗਠਨ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਦੇਣ ਲਈ ਸਮਰਥ ਹੈ। ਇਸ ਕੋਲ ਇਸ ਦੇ ਸਿਧਾਂਤ ਤੇ ਅਮਲ ਦੀਆਂ ਪ੍ਰਮਾਣਿਕ ਪ੍ਰਾਪਤੀਆਂ, ਇਸ ਦੀ ਵਿਗਿਆਨਕ ਸਮ੍ਰਥਾ, ਸਦਾਚਾਰਕ ਵਚਨਬੱਧਤਾ ਹੈ ਅਤੇ ਇਸ ਦੀਆਂ ਅਸਫਲਤਾਵਾਂ ਬਾਵਜੂਦ ਇਸ ਦੀ ਕਾਮਯਾਬ ਇਨਕਲਾਬੀ ਸਿਆਸਤ ਦੀ ਲੰਮੀ ਪਰੰਪਰਾ ਅਤੇ ਸਭ ਤੋਂ ਵਧੀਕ ਇਸ ਕੋਲ ਵਿਸਤ੍ਰਿਤ ਸਮਕਾਲੀ ਪ੍ਰਸੰਗਕਤਾ ਦਾ ਪਸਾਰ ਹੈ, ਜਿਥੋਂ ਸਰਮਾਏਦਾਰੀ ਲੰਮੇ ਸਮੇਂ ਦੇ ਢਾਂਚਾਗਤ ਸੰਕਟ ਦੀ ਸ਼ਿਕਾਰ ਹੈ, ਸੰਖੇਪ ਵਿਚ ਆਪਣੀ ਵਰਤਮਾਨ 'ਜਿੱਤ' ਦੇ ਕਰਕੇ ਸਰਮਾਏਦਾਰੀ ਹੋਰ ਵਧੇਰੇ ਬੌਖਲਾਈ ਹੋਈ ਤੇ ਮਨੁਖਤਾ ਦੇ ਭਵਿਖ ਲਈ ਪਹਿਲਾਂ ਨਾਲੋਂ ਕਿਤੇ ਵਧੀਕ ਖਤਰਨਾਕ ਤੇ ਗੰਭੀਰ ਧਮਕੀ ਬਣੀ ਹੋਈ ਹੈ। ਮਾਰਕਸਵਾਦ ਕੋਲ ਲੋਕਾਂ ਤੇ ਗਰਮ-ਦਲੀ ਬੁੱਧੀਜੀਵੀਆਂ ਨੂੰ ਵਾਰ ਵਾਰ ਆਪਣੇ ਵਲ ਮੋੜਨ ਲਈ ਬੜੇ ਹੀ ਵਜ਼ਨੀ ਕਾਰਣ ਮੌਜੂਦ ਹਨ।

# ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 4, ਨਵੰਬਰ 2011

ਸੰਪਾਦਕ ਮੰਡਲ

(ਆਨਰੇਰੀ)

ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਕੁਲਦੀਪ ਸਿੰਘ

ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ

ਬੀ. ਸਿੰਘ

akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**Head Office**

**Pro-People Arts Project Media Group**

**SAROKARAN DI AWAZ**

**29 MAPLEVIWE AVE**

**BRAMPTON ONTARIO**

**CANADA L6R 1M2**

416-902-9372

416-817-7142

416-895-4100

E-Mail : ppapmg@gmail.com


## ■ਸੰਪਾਦਕੀ

# ਆਓ ਇਤਿਹਾਸਕ ਪਾਤਰਾਂ ਨੂੰ ਸਲਾਮ ਕਰੀਏ

ਹਾਲਾਂਕਿ ਇਹ ਗੱਲ ਪ੍ਰਤੱਖ ਹੈ ਕਿ ਮਾਨਵੀ ਇਤਿਹਾਸ ਵਿਚ ਜਨਸਮੂਹ ਦਾ ਵੱਡਾ ਯੋਗਦਾਨ ਹੁੰਦਾ ਹੈ। ਜਿਹੜਾ ਹਾਂਪੱਖੀ ਜਾਂ ਨਾਂਪੱਖੀ ਇਤਿਹਾਸ ਸਿਰਜਣ ਦੀ ਸਮਰੱਥਾ ਰੱਖਦਾ ਹੈ ਪ੍ਰੰਤੂ ਇਤਿਹਾਸ ਦੀ ਹਰੇਕ ਕੜੀ ਵਿਚ ਕਿਸੇ ਨਾ ਕਿਸੇ ਵਿਅਕਤੀ ਵਿਸ਼ੇਸ਼ ਦਾ ਯੋਗਦਾਨ ਬੜੀ ਅਹਿਮੀਅਤ ਰੱਖਦਾ ਹੈ। ਜਮਾਤੀ ਸਮਾਜ ਦੀ ਬਣਤਰ ਅਤੇ ਉਨ੍ਹਾਂ ਅੰਦਰਲੇ ਵਿਰੋਧਾਂ ਦਾ ਅਧਿਐਨ ਕਰਨ ਵਿਚ ਕਾਰਲ ਮਾਰਕਸ ਨੇ ਆਪਣੀ ਜ਼ਿੰਦਗੀ ਦੇ ਹੁਸੀਨ ਵਰ੍ਹੇ ਲਗਾ ਦਿੱਤੇ। ਇਤਿਹਾਸ ਵਿਚ ਵਿਚਾਰਧਾਰਕ ਪੱਧਰ 'ਤੇ ਅਜਿਹੀ ਕਰਨੀ ਕਰ ਗਏ ਜਿਹੜੀ ਪੂੰਜੀ ਦੇ ਚਲਣ ਢੰਗਾਂ ਦੇ ਵਿਰੋਧਾਂ ਨੂੰ ਸਮਝਣ ਵਿਚ ਅੱਜ ਵੀ ਸਹਾਈ ਹੈ। ਇਸ ਕੜੀ ਵਿਚ ਧਰਤੀ 'ਤੇ ਪਹਿਲਾ ਨਵੇਂ ਕਿਸਮ ਦਾ ਪ੍ਰਬੰਧ ਉਸਾਰਨ ਵਿਚ ਲੈਨਿਨ ਦਾ ਵਿਸ਼ੇਸ਼ ਯੋਗਦਾਨ ਅਕਤੂਬਰ ਇਨਕਲਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਫਾਸ਼ੀਵਾਦ ਦੇ ਦੌਰ ਵਿਚ ਬੌਧਿਕ ਪੱਧਰ ਦੀ ਸਰਦਾਰੀ ਨੂੰ ਉਚਾ ਚੁੱਕਣ ਵਾਲੇ ਐਂਟਨੀਓਂ ਗਰੈਮਸੀ ਦਾ ਉਚੇਚਾ ਜ਼ਿਕਰ ਆਉਂਦਾ ਹੈ। ਇਸੇ ਤਰ੍ਹਾਂ ਜੇ ਅਸੀਂ ਆਪਣੇ ਖਿੱਤੇ 'ਤੇ ਨਜ਼ਰ ਮਾਰੀਏ ਤਾਂ ਭਗਤ ਸਿੰਘ ਦਾ ਆਪਣਾ ਬਦਲਵੀਂ ਰਾਜਨੀਤੀ ਵਿਕਸਿਤ ਕਰਨ ਵਿਚ ਉਚੇਚਾ ਯੋਗਦਾਨ ਇਤਿਹਾਸ ਵਿਚ ਦਰਜ ਕੀਤਾ ਗਿਆ ਹੈ। ਇਸ ਕੜੀ ਵਿਚ ਜਦੋਂ ਅਸੀਂ ਦੇਖਦੇ ਹਾਂ ਤਾਂ ਕਈ ਵਾਰੀ ਕੁਝ ਇਨਸਾਨ ਦਰਜਨਾਂ ਕਿਤਾਬਾਂ, ਲਿਖਤਾਂ, ਪੈਂਫਲਿਟਾਂ ਅਤੇ ਰੈਲੀਆਂ ਆਦਿ ਦੀ ਥਾਂ ਇਕੱਲੇ ਹੀ ਸਮੁੱਚੇ ਸਮਾਜ ਨੂੰ ਰੈਡੀਕਲ ਕਰ ਜਾਂਦੇ ਨੇ। ਉਨ੍ਹਾਂ ਵਿਚ ਗੁਰਸ਼ਰਨ ਭਾਅ ਜੀ ਅਜਿਹੀ ਸ਼ਖਸੀਅਤ ਦੇ ਮਾਲਕ ਸਨ ਜਿਨ੍ਹਾਂ ਨੇ ਪੰਜਾਬੀ ਸਮਾਜ ਦੀ ਹਰੇਕ ਪਰਤ ਨੂੰ ਦੱਬੇ ਕੁਚਲੇ ਲੋਕਾਂ ਨੂੰ ਇਕ ਆਵਾਜ਼ ਵਿਕਸਿਤ ਕਰਨ ਵਿਚ ਯੋਗਦਾਨ ਪਾਇਆ ਹੈ। ਜਦੋਂ ਵੀ ਕਿਸੇ ਨਾ ਕਿਸੇ ਪੱਧਰ 'ਤੇ ਲੋਕਾਂ ਦੇ ਦੁੱਖਾਂ, ਦਰਦਾਂ ਲਈ ਮੁਕਤੀ ਦੀ ਗੱਲ ਆਏਗੀ ਤਾਂ ਗੁਰਸ਼ਰਨ ਭਾਅ ਜੀ ਦੀ ਆਵਾਜ਼ ਪੰਜਾਬ ਦੀਆਂ ਜੂਹਾਂ ਵਿਚੋਂ ਉਪਜਦੀ ਨਜ਼ਰ ਆਵੇਗੀ।

ਇਤਿਹਾਸ ਦੇ ਅਜਿਹੇ ਪਾਤਰ ਨੂੰ ਯਾਦ ਕਰਨਾ ਹੀ ਸੱਚੀ ਸ਼ਰਧਾਂਜਲੀ ਨਹੀਂ ਬਲਕਿ ਉਸ ਵਰਗੀ ਸਿਰੜਤਾ, ਨਿਹਚਾ ਅਤੇ ਪ੍ਰਤੀਬੱਧਤਾ ਵਾਲੇ ਹਜ਼ਾਰਾਂ ਲੋਕਾਂ ਦੀ ਅੱਜ ਦੇ ਸਮੇਂ 'ਚ ਲੋੜ ਹੈ। ਜਿਹੜੇ ਲਗਭਗ 99 ਪ੍ਰਤੀਸ਼ਤ ਹਿੱਸੇ ਵਿਚੋਂ ਆਉਂਦੇ ਹਨ। ਜਿਨ੍ਹਾਂ ਦੀ ਸੁੱਖ ਚੈਨ ਅਤੇ ਆਰਾਮਦਾਰੀ ਆਏ ਦਿਨ ਖੁਸਦੀ ਜਾ ਰਹੀ ਹੈ। ਹੁਣ ਇਕੱਲਾ ਪੰਜਾਬ ਹੀ ਨਹੀਂ ਬਲਕਿ ਵਿਸ਼ਵ ਇਕ ਬਦਲਵੇਂ ਮਾਡਲ ਦੀ ਤਲਾਸ਼ ਵਿਚ ਹੈ। ਇਸ ਪ੍ਰਕਿਰਿਆ ਵਿਚ ਥਾਂ-ਥਾਂ ਲੋਕ ਜਦੋ-ਜਹਿਦਾਂ ਵਿਚ ਉਤਰੇ ਹੋਏ ਹਨ। ਜਿਹੜੇ ਕੁਦਰਤੀ ਸਰੋਤਾਂ ਤੋਂ ਲੈ ਕੇ ਕਿਰਤ ਨਾਲ ਉਸਰੀ ਹਰੇਕ ਵਸਤੂ ਉਪਰ ਆਪਣਾ ਹੱਕ ਜਤਾ ਰਹੇ ਹਨ। ਇਸ ਸਮੇਂ ਗੁਰਸ਼ਰਨ ਭਾਅ ਜੀ ਦੀਆਂ ਯਾਦਾਂ ਅਤੇ ਉਨ੍ਹਾਂ ਦੇ ਪਾਏ ਬੌਧਿਕ ਅਤੇ ਵਿਚਾਰਧਾਰਕ ਅਸਰਾਂ ਨੂੰ ਆਪਣੇ 'ਤੇ ਮਹਿਸੂਸ ਕਰਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨਾ ਸਾਡੀ ਜੀਵਨ ਜਾਚ ਅਤੇ ਜਦੋ-ਜਹਿਦ ਦਾ ਹਿੱਸਾ ਚਾਹੀਦਾ ਹੈ।

 - ਰਣਜੀਤ

# ਗ਼ਦਰ ਦੀ ਗਾਥਾ ਜੋ ਚਲਦੀ ਰਹੇਗੀ

*ਮਿਸ਼ਾਲ ਉਠਾ ਕੇ ਚਲਣ ਵਾਲੇ ਸਦਾ ਰੌਸ਼ਨੀ ਦੀ ਆਮਦ ਲਈ ਆਪਣਾ ਸਮੁੱਚਾ ਜੀਵਨ ਲਗਾ ਦਿੰਦੇ ਹਨ। ਪਹਿਲੇ ਗ਼ਦਰੀ ਬਾਬਿਆਂ ਦੇ ਮੇਲੇ ਦੇ ਮੌਕੇ ਬਾਬਾ ਭਗਤ ਸਿੰਘ ਬਿਲਗਾ ਦੀ ਉਠਾਈ ਮਿਸ਼ਾਲ ਹਰ ਸਾਲ ਇਕ ਨਵੀਂ ਰੌਸ਼ਨੀ ਅਤੇ ਤਮੰਨਾ ਹਰ ਉਸ ਸੋਚ 'ਤੇ ਆਪਣੀ ਛਾਪ ਛੱਡਦੀ ਹੈ ਜਿਸ ਨਾਲ ਰੌਸ਼ਨ ਭਵਿੱਖ ਦਾ ਸੁਪਨਾ ਹਕੀਕਤ ਵਿਚ ਬਦਲਣ ਲਈ ਅੰਗੜਾਈਆਂ ਲੈਂਦਾ ਹੈ।*



ਭਾਰਤ 'ਤੇ ਅੰਗਰੇਜ਼ਾਂ ਦੇ ਲੰਮੇ ਚੌੜੇ ਰਾਜ ਦੌਰਾਨ ਇਕ ਮਿਥ ਬੜੀ ਪ੍ਰਚਲਤ ਸੀ, 'ਅਖੇ ਅੰਗਰੇਜ਼ਾਂ ਦੇ ਰਾਜ 'ਚ ਸੂਰਜ ਨਹੀਂ ਡੁੱਬਦਾ'। ਇਹ ਮਿਥ ਅੰਗਰੇਜ਼ ਸਾਮਰਾਜ ਦੇ ਦੁਨੀਆ ਦੇ ਨਕਸ਼ੇ 'ਤੇ ਪਸਰੇ ਰਾਜ ਦੇ ਘੁਮੰਡ ਦੀ ਪ੍ਰਤੀਕ ਸੀ। ਹਕੀਕੀ ਨਾ ਹੋ ਕੇ ਵੀ ਇਹ ਮਿਥ ਹਕੀਕਤ ਜਾਪਦੀ ਸੀ, ਵਕਤ ਦਾ ਭਾਰੂ ਪੱਲੜਾ ਅੰਗਰੇਜ਼ਾਂ ਵੱਲ ਜੋ ਝੁਕਦਾ ਸੀ। ਵਕਤ ਠਹਿਰ ਗਿਆ ਲੱਗਦਾ ਸੀ, ਲੋਕਾਈ ਸਬਰ ਦਾ ਕੌੜਾ ਘੁੱਟ ਪੀ ਕੇ ਸੌਂ ਗਈ ਜਾਪਦੀ ਸੀ। ਫਰੰਗੀ ਦੇ ਰਾਜ ਦੇ ਖਿਲਾਫ਼, ਉਸ ਦੇ ਜ਼ੁਲਮ ਦੇ ਖਿਲਾਫ਼, ਉਸ ਦੇ ਧੱਕੇ ਦੇ ਖਿਲਾਫ਼, ਉਸ ਦੀ ਗੁਲਾਮੀ ਦੇ ਖਿਲਾਫ਼ ਉਂਗਲ ਤੱਕ ਕਰਨ ਨੂੰ ਵੀ 'ਪੱਥਰ 'ਤੇ ਸਿਰ ਮਾਰਿਆ ਆਪਣਾ ਹੀ ਮੱਥਾ ਫੁੱਟਦਾ ਹੈ' ਦੇ ਤੁਲ ਜਾਣਿਆ ਜਾਂਦਾ ਸੀ। ਗੁਲਾਮੀ ਭਾਰਤੀ ਕੌਮ ਦੇ ਹੱਡਾਂ 'ਚ ਰਚ ਗਈ



ਪ੍ਰਤੀਤ ਹੁੰਦੀ ਸੀ। ਫਿਰ ਵੀ ਕੁਝ ਲੋਕ ਹੈ ਸਨ, ਜਿਨ੍ਹਾਂ ਨੂੰ ਹੋਣੀ ਦੇ ਬਦਲਣ ਦੀ ਉਮੀਦ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਵਕਤ ਕਦੇ ਠਹਿਰਦਾ ਨਹੀਂ। ਉਨ੍ਹਾਂ ਨੂੰ ਸਲਤਨਤਾ ਦੇ ਬਣਨ 'ਤੇ ਢਹਿਣ ਦੀ ਅਟੱਲਤਾ ਦਾ ਭੇਤ ਸੀ। ਉਹ ਜਾਣਦੇ ਸਨ ਕਿ ਇਕ ਦਿਨ ਐਸਾ ਵੀ ਚੜ੍ਹੇਗਾ, ਜਦ ਅੰਗਰੇਜ਼ੀ ਸਾਮਰਾਜ ਦੇ ਰਾਜ ਦਾ ਸੂਰਜ ਵੀ ਡੁੱਬ ਜਾਵੇਗਾ।

ਤੇ ਫਿਰ ਦੇਖਦਿਆਂ ਹੀ ਦੇਖਦਿਆਂ, 20ਵੀਂ ਸਦੀ ਦੇ ਪਹਿਲੇ ਪਖਵਾੜੇ 'ਚ ਕੌਮਾਂ ਦੀਆਂ ਮੁਕਤੀ ਲਹਿਰਾਂ ਦੇ ਐਸੇ ਤੂਫ਼ਾਨ ਉਠੇ ਕਿ ਅੰਗਰੇਜ਼ੀ ਰਾਜ ਦੀ ਸਲਤਨਤ ਬਸਤੀਆਂ 'ਚੋਂ ਕੜ ਕੜ ਸੂਰਜ ਡੁੱਬਦਾ ਵੀ ਦਿਖਾ ਦਿੱਤਾ। ਭਲਾ ਇਹ ਕਿਸੇ ਨੇ ਸੋਚਿਆ ਹੋਵੇਗਾ ਕਿ ਇਕ ਐਸੇ ਸਾਮਰਾਜ ਦਾ ਸੂਰਜ ਏਨੀ ਜਲਦੀ ਡੁੱਬ ਜਾਵੇਗਾ, ਤਾਸ਼ ਦੇ ਪੱਤਿਆਂ ਵਾਂਗ ਇੰਝ ਖਿੱਲਰ ਜਾਵੇਗਾ, ਜੋ ਸਿਰ ਤੋਂ ਪੈਰਾਂ ਤੱਕ ਹਥਿਆਰਾਂ ਨਾਲ ਲੈਸ ਸੀ। ਹਥਿਆਰਾਂ ਨਾਲ ਲੈਸ ਹੁੰਦਿਆਂ ਵੀ ਰੇਤ ਦੀ ਕੰਧ ਵਾਂਗ ਢਹਿ ਢੇਰੀ ਹੋ ਗਿਆ।

ਇਹ ਸਭ ਐਵੇਂ ਨਹੀਂ ਸੀ ਵਪਾਰਿਆ।

ਇਹਦੇ ਪਿਛੇ ਪੱਥਰਾਂ ਨਾਲ ਸਿਰ ਭੰਨਾਉਣ ਵਾਲਿਆਂ ਦੀ, ਪਰ ਸੀਅ ਨਾ ਵੱਟਣ ਵਾਲਿਆਂ ਮਰਜੀਵੜਿਆਂ ਦੀ ਇਕ ਲੰਮੀ ਗਾਥਾ ਹੈ। ਗਾਥਾ, ਜਿਸ ਦੇ ਸਾਰੇ ਪੰਨੇ ਫ਼ਾਸੀਆਂ, ਉਮਰ ਕੰਦਾਂ, ਕਾਲੇ ਪਾਣੀਆਂ ਅਤੇ ਪਿੰਡਿਆਂ 'ਤੇ ਝੱਲੇ ਅਣਮਨੁੱਖੀ ਜ਼ੁਲਮਾਂ ਦੀ ਕਹਾਣੀ ਆਪਣੇ ਅੰਦਰ ਸਮੋਏ ਹੋਏ ਹਨ। ਇਨ੍ਹਾਂ ਮਰਜੀਵੜਿਆਂ 'ਚ ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ, ਕੂਕਿਆਂ, ਬਾਗੀ ਫੌਜੀਆਂ, ਆਈ ਐਨ ਏ ਦੇ ਸਿਪਾਹੀਆਂ ਸਮੇਤ ਇਨਕਲਾਬੀ ਲਹਿਰਾਂ ਦੇ ਅਨੇਕਾਂ ਅਨੇਕ ਉਹ ਸੂਰਮੇ ਜੁਝਾਰੂ ਸ਼ੁਮਾਰ ਹਨ, ਜਿਨ੍ਹਾਂ ਨੇ ਪਰਬਤੀ ਪੱਥਰਾਂ ਨੂੰ ਹਿੱਕਾਂ ਦੇ ਜ਼ੋਰ ਨਾਲ ਭੰਨ ਸੁੱਟਣ ਦਾ

ਹੌਸਲਾ ਕੀਤਾ।ਅੰਗਰੇਜ਼ ਸਾਮਰਾਜ ਦੇ ਰਾਜ ਦੀ ਗੁਲਾਮੀ ਦੀਆਂ ਕੜੀਆਂ ਕੜ-ਕੜ ਟੁੱਟਣ ਅਤੇ ਫਰੰਗੀ ਦੇ ਰਾਜ 'ਚ ਸੂਰਜ ਦੇ ਡੁੱਬ ਜਾਣ ਦੇ ਪਿਛੇ ਦੀ ਹਕੀਕਤ ਇਹੋ ਹੈ।

ਪਹਿਲੀ ਨਵੰਬਰ 'ਗ਼ਦਰ' ਦੀ ਸਥਾਪਨਾ ਦਾ ਦਿਨ ਹੈ।ਇਕ ਐਸਾ ਗ਼ਦਰ, ਜਿਸ ਦੀ ਕਹਾਣੀ ਦਾ ਹਰ ਪੱਤਰਾ ਸੁਨਹਿਰੀ ਅੱਖਰਾਂ 'ਚ ਉੱਕਰਿਆ ਹੈ, ਜਿਸ ਦਾ ਹਰ ਪੰਨਾ 'ਬਲਦੇ ਹੱਥਾਂ ਨਾਲ ਲਿਖੇ ਹਰਫ਼ਾਂ' ਦੀ ਕਹਾਣੀ ਹੈ, ਜਿਸ ਦਾ ਹਰ ਪੰਨਾ ਗ਼ਦਰੀ ਬਾਬਿਆਂ ਵਲੋਂ ਹੱਸ ਹੱਸ ਚੁੰਮੇ ਫ਼ਾਸੀ ਦੇ ਰੱਸਿਆਂ, ਗਲੇ ਲਾਈਆਂ ਕਾਲੇ ਪਾਣੀਆਂ ਦੀਆਂ ਕਾਲ ਕੋਠੜੀਆਂ ਨਾਲ ਸ਼ਿੰਗਾਰਿਆ ਹੈ, ਜਿਸ ਦਾ ਹਰ ਪੰਨਾ ਫੌਜੀਓ ਸਿਪਾਹੀਓ ਜਾਣੇ ਹਲਚਲ ਨੂੰ, ਮੋੜ ਲਓ ਬੰਦੂਕਾਂ ਹਾਕਮਾਂ ਦੇ ਵੱਲ ਨੂੰ ਦੇ ਗੀਤਾਂ ਦੇ ਹਕੀਕਤ ਬਣ ਜਾਣ ਦੀ ਕਹਾਣੀ ਬਿਆਨ ਕਰਦਾ ਹੈ। ਆਪਣੀ ਰੋਟੀ ਰੋਜ਼ੀ ਤੇ ਜ਼ਿੰਦਗੀ ਨੂੰ ਮਾਤ ਭੂਮੀ ਦੀ ਮੁਕਤੀ ਦੀ ਝੋਲੀ ਪਾ ਕੇ ਗ਼ਦਰ ਮਚਾਉਣ ਤੁਰੇ ਗ਼ਦਰੀ ਬਾਬਿਆਂ ਦਾ ਇਕੋ ਸੁਪਨਾ ਸੀ, 'ਹਿੰਦ ਨੂੰ ਆਜ਼ਾਦ ਕਰਵਾਉਣ ਦਾ।' ਗ਼ਦਰ ਤੇ ਗ਼ਦਰੀ ਬਾਬਿਆਂ ਦਾ ਸੁਪਨਾ ਸੀ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦਾ ਸਮਾਜ ਬਣਾਉਣ ਦਾ।

ਮਨੁੱਖ ਭਾਵੇਂ ਕਿੰਨੀ ਵੀ ਜ਼ਹਾਲਤ 'ਚ ਜੀਵੇ, ਗੁਲਾਮੀ 'ਚ ਰੀਂਗੇ, ਪਰ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦਾ ਸੁਪਨਾ ਕਦੇ ਵੀ ਕਤਲ ਨਹੀਂ ਹੁੰਦਾ।ਇਹ ਸੁਪਨਾ ਸਦਾ ਉਸ ਦੀ ਹੂਕ ਰਿਹਾ ਹੈ ਤੇ ਰਹੇਗਾ ਵੀ।ਜਦੋਂ ਤੱਕ ਸਾਮਰਾਜਵਾਦ ਤੇ ਸਾਮਰਾਜਵਾਦੀ ਨਿਜਾਮ ਮਿਹਨਤ ਦੀ ਲੁੱਟ ਮਚਾ ਕੇ ਗਰੀਬੀ, ਕੰਗਾਲੀ ਗੈਰ ਬਰਾਬਰੀ ਤੇ ਬਦਹਾਲੀ 'ਚ ਮਨੁੱਖਤਾ ਨੂੰ, ਦੇਸ਼ਾਂ ਨੂੰ, ਧੱਕਦਾ ਰਹੇਗਾ, ਉਦੋਂ ਤੱਕ ਗ਼ਦਰੀ ਬਾਬਿਆਂ ਦਾ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦਾ ਸੁਪਨਾ ਜ਼ਿੰਦਾ ਰਹੇਗਾ।ਕੋਈ ਵੀ ਸਜ਼ਾ, ਫਾਂਸੀ ਦੇ ਫੰਦੇ, ਕਾਲੇ ਪਾਣੀ ਦੇ ਪਿੰਜਰੇ, ਜੇਲ੍ਹਾਂ ਦੀਆਂ ਸਲਾਖਾਂ ਮਨੁੱਖਤਾ ਦੀ ਇਸ ਹੂਕ ਨੂੰ ਡੱਕ ਨਹੀਂ ਸਕਦੇ।



**ਵਾਲ ਸਟਰੀਟ ਦੀ ਗੂੰਜ**

# ਪੂੰਜੀ ਜੋ ਗ਼ਦਰ ਪੈਦਾ ਕਰ ਰਹੀ ਹੈ

**- ਦਵਿੰਦਰ ਤੂਰ**

ਪੂੰਜੀਵਾਦ ਦੇ ਹੱਕ ਵਿਚ ਦਲੀਲ ਦੇਣ ਵਾਲੇ ਵਿਚਾਰਵਾਨ ਸ਼ਾਇਦ ਡੂੰਘੀਆਂ ਖੱਡਾਂ ਵਿਚ ਉਤਰ ਗਏ ਹਨ।ਕਿਉਂਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਕਿਸ ਤਰ੍ਹਾਂ ਪੂੰਜੀਵਾਦ ਦੀ ਲੰਬੀ ਉਮਰ ਲਈ ਵਿਚਾਰਧਾਰਕ ਆਧਾਰ ਮੁਹੱਈਆ ਕੀਤੇ ਜਾਣ। ਪੂੰਜੀਵਾਦ ਦੇ ਚਲਣ ਢੰਗ ਤੋਂ ਅੱਕੇ 99 ਪ੍ਰਤੀਸ਼ਤ ਲੋਕ ਆਪੋ-ਆਪਣੇ ਪੱਧਰ 'ਤੇ ਸੱਤਾ ਦੇ ਕੇਂਦਰਬਿੰਦੂਆਂ ਨੇੜੇ ਇਕੱਤਰ ਹੋ ਕੇ ਪਾਰਕਾਂ, ਖਾਲੀ ਥਾਵਾਂ ਉਪਰ ਆਪਣਾ ਹੱਕ ਜਮਾਈ ਜਾ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਦੁਨੀਆ ਨੂੰ ਜਮਹੂਰੀਅਤ ਦਾ ਸਬਕ ਸਿਖਾਉਣ ਵਾਲਾ ਅਮਰੀਕਾ ਖੁਦ ਸਭ ਤੋਂ ਪਹਿਲਾਂ ਲੋਕਾਂ ਦੀ ਮਾਰ ਹੇਠਾਂ ਆਇਆ ਮਹਿਸੂਸ ਕਰ ਰਿਹਾ ਹੈ। ਵਾਇਟ ਹਾਊਸ ਹੁਣ ਇਸ ਕਰਕੇ ਖਬਰਾਂ ਵਿਚ ਨਹੀਂ ਕਿ ਕਿਸ ਦੇਸ਼ ਉਪਰ ਕਿਸ ਢੰਗ ਨਾਲ ਨਵੀਂ ਯੁੱਧ ਨੀਤੀ ਘੜੀ ਜਾਣੀ ਹੈ ਅਤੇ ਜੰਗੀ ਆਰਥਿਕਤਾ ਨੂੰ ਹੋਰ ਵਿਕਸਿਤ ਕਰਨ ਲਈ ਕਿਸ ਤਰ੍ਹਾਂ ਕਿਸ ਦੇਸ਼ ਨੂੰ ਹਥਿਆਰਾਂ ਦੀ ਸਪਲਾਈ ਕੀਤੀ ਜਾਣੀ ਹੈ।ਇਹ ਨੁਕਤੇ ਹੁਣ ਵਾਇਟ ਹਾਊਸ ਦੇ ਇਰਦ ਗਿਰਦ ਤੋਂ ਹਿਲ ਕੇ ਲੋਕਾਂ ਦੇ ਆਪ ਮੁਹਾਰੇ ਵਾਇਟ ਹਾਊਸ ਵੱਲ ਕੂਚ ਕਰਨ ਅਤੇ ਉਥੇ ਡਟਕੇ ਬੈਠ ਜਾਣ ਵਿਚ ਬਦਲ ਗਏ ਹਨ।ਇਹ ਹਵਾ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਹੁੰਦੀ ਹੋਈ ਕੈਨੇਡਾ ਰਾਹੀਂ ਇੰਗਲੈਂਡ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਤੱਕ ਪਹੁੰਚ ਗਈ ਹੈ।ਲੋਕਾਂ ਲਈ ਚੰਗੇ ਭਵਿੱਖ ਦਾ ਸੁਪਨਾ ਬਣੇ ਇਹ ਮੁਲਕ ਹੁਣ ਆਪਣੇ ਆਰਥਿਕ ਸੰਕਟਾਂ ਕਾਰਨ ਲੋਕਾਂ ਦੇ ਲਈ ਨਵੀਂ ਰੌਸ਼ਨੀ ਅਤੇ ਨਵੀਂ ਕਿਸਮ ਦੀ ਭਵਿੱਖਮਈ ਦਿਸ਼ਾ-ਦੇਣ ਤੋਂ ਅਸਮਰਥ ਹਨ।ਹੁਣ ਦੇਖਣਾ ਇਹ ਹੈ ਕਿ ਇਹ ਲਹਿਰਾਂ ਕਿਸ ਕਿਸਮ ਦੇ ਗ਼ਦਰਾਂ ਨੂੰ ਜਨਮ ਦਿੰਦੀਆਂ ਹਨ ਅਤੇ ਕਿਸ ਤਰ੍ਹਾਂ ਨਵੇਂ ਪੂੰਜੀਵਾਦੀ ਪ੍ਰਬੰਧ ਦੇ ਉਲਟ ਇਕ ਨਵਾਂ ਸਿਸਟਮ ਜਿਸ ਵਿਚ ਲੋਕਾਂ ਦੀ ਹਿੱਸੇਦਾਰੀ ਅਤੇ ਮਾਲਕੀ ਹੋਵੇ ਉਸ ਸਿਸਟਮ ਨੂੰ ਵਿਕਸਿਤ ਕਰਨ ਲਈ ਵਿਚਾਰਧਾਰਕ ਪੱਧਰ 'ਤੇ ਜਥੇਬੰਦਕ ਢੰਗ ਤਰੀਕੇ ਕਿਵੇਂ ਇਜ਼ਾਤ ਹੁੰਦੇ ਹਨ ਪਰ ਇਕ ਗੱਲ ਪੱਕੀ ਹੈ ਕਿ ਹੁਣ ਅਕਤੂਬਰ ਕ੍ਰਾਂਤੀ ਤੋਂ ਬਾਅਦ ਨਵੀਂ ਵਿਕਸਿਤ ਕਿਸਮ ਦੀ ਕ੍ਰਾਂਤੀ ਵੱਲ ਨੂੰ ਕਦਮ ਵਧਣਗੇ।

- ਪ੍ਰੋ. ਰਣਧੀਰ ਸਿੰਘ



# ਕਾਮਰੇਡ ਗੁਰਸ਼ਰਨ ਸਿੰਘ, ਉਸਦਾ ਰੰਗ ਮੰਚ ਅਤੇ ਪੰਜਾਬ ਦੀ ਕਮਿਊਨਿਸਟ ਲਹਿਰ

ਮੈਂ ਸ਼ੁਰੂ ਵਿਚ ਹੀ ਕੁਝ ਗੱਲਾਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ। ਮੈਂ ਆਪਣੇ ਆਪ ਨੂੰ ਮਾਰਕਸਵਾਦ ਦਾ ਮਾਹਿਰ ਨਹੀਂ ਕਹਿੰਦਾ। ਮੇਰਾ ਜ਼ਿੰਦਗੀ ਵਿਚ ਇਹਦੇ ਨਾਲ ਵਾਹ ਪਿਆ ਤੇ ਮੈਂ ਦੇਖਿਆ ਕਿ ਇਹ ਮੇਰੇ ਵਾਸਤੇ ਮੇਰੇ ਅਧਿਆਪਨ ਦੇ ਕੰਮ ਲਈ ਹੀ ਨਹੀਂ ਸਗੋਂ ਜ਼ਿੰਦਗੀ ਜੀਣ ਵਾਸਤੇ ਵੀ ਚੰਗਾ ਹੈ। ਮਾਰਕਸ ਨੂੰ ਜਾਣ ਕੇ ਹੀ ਪਤਾ ਲਗਦਾ ਹੈ ਕਿ ਜ਼ਿੰਦਗੀ ਨੂੰ ਕੀ ਅਰਥ ਦਿੱਤੇ ਜਾਣ, ਇਸ ਨੂੰ ਕਿਵੇਂ ਸਮਝਿਆ ਜਾਵੇ, ਇਸ ਨੂੰ ਕਿਵੇਂ ਜੀਵਿਆ ਜਾਵੇ ਅਤੇ ਦੁਨੀਆ ਵਿਚ ਕਿਵੇਂ ਆਪਣਾ ਕਿਰਦਾਰ ਨਿਭਾਇਆ ਜਾਵੇ। ਮੈਂ ਦੋ ਆਹਲਾ ਸ਼ਖਸੀਅਤਾਂ ਦੇ ਕਹਿਣ ਉੱਤੇ ਹੀ ਇਹ ਕਿਤਾਬ ਲਿਖੀ ਹੈ। ਉਹਨਾਂ ਵਿਚੋਂ ਇਕ ਸੀ ਮੇਰਾ ਅਜ਼ੀਜ਼ ਗੁਰਸ਼ਰਨ ਸਿੰਘ। ਉਸ ਨੂੰ ਮਾਰਕਸਵਾਦੀ ਵਿਚਾਰਧਾਰਾ ਵਿਚ ਉਠੇ ਸੰਕਟ ਬਾਰੇ ਬੜਾ ਫਿਕਰ ਸੀ ਅਤੇ ਨਾਲ ਹੀ ਉਨ੍ਹਾਂ ਬਾਰੇ ਵੀ ਜਿਹੜੇ ਮਾਰਕਸ ਤੋਂ 'ਪਾਰ' ਨਿਕਲਣ ਤੇ ਹੋਰ ਕਈ ਕੁਝ ਦੀ ਧੁਨ ਵਿਚ ਉਤਰ ਆਧੁਨਿਕਵਾਦ ਵਿਚ ਗੁੰਮ ਹੋ ਗਏ। ਮੈਨੂੰ ਉਸ ਦੇ ਅਜਿਹੇ ਅਹਿਸਾਸਾਂ ਨੇ ਟੁੰਬਿਆ। ਇਹ ਕਿਤਾਬ ਮਾਰਕਸਵਾਦ ਨਹੀਂ ਹੈ। ਇਹ ਇਸ ਬਾਰੇ ਹੈ ਕਿ ਮਾਰਕਸਵਾਦ ਨੂੰ ਕਿਵੇਂ ਸਮਝਿਆ ਜਾਵੇ, ਕਿ ਮੈਂ ਇਸ ਨੂੰ ਕਿਵੇਂ ਸਮਝਦਾ ਹਾਂ। ਇਹ ਕਿਤਾਬ ਮਾਰਕਸਵਾਦ ਬਾਰੇ ਹੈ, ਮਾਰਕਸਵਾਦ ਉਤੇ ਨਹੀਂ। ਮੈਂ ਆਪਣੀ ਇਸ ਕਿਤਾਬ ਦਾ ਪੰਜਾਬੀ ਰੂਪ ਗੁਰਸ਼ਰਨ ਸਿੰਘ ਨੂੰ ਪੂਰੇ ਮਾਣ ਨਾਲ ਸਮਰਪਤ ਕਰਦਾ ਹਾਂ।


ਇਨ੍ਹਾਂ ਹਫ਼ਤਿਆਂ ਵਿਚ ਗੁਰਸ਼ਰਨ ਸਿੰਘ ਦੀ ਵਿਰਾਸਤ ਅਤੇ ਉਸ ਦੀ ਦੇਣ ਸੰਬੰਧੀ ਬਹੁਤ ਕੁਝ ਕਿਹਾ ਗਿਆ ਹੈ। ਉਸ ਦੀ ਜ਼ਿੰਦਗੀ ਅਤੇ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਖਾਸ ਕਰਕੇ ਅਤੇ ਭਾਰਤ ਦੀ ਕਮਿਊਨਿਸਟ ਲਹਿਰ ਨੂੰ ਆਮ ਕਰਕੇ ਉਸ ਦੀ ਦੇਣ ਬਾਰੇ ਕੁਝ ਕਹਿਣ ਤੋਂ ਪਹਿਲਾਂ ਮੈਂ ਤੁਹਾਨੂੰ ਥੋੜ੍ਹਾ ਚੌਕਸ ਕਰ ਦੇਣਾ ਚਾਹੁੰਦਾ ਹਾਂ। ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਹ ਸਮਾਜਿਕ ਪ੍ਰਬੰਧ ਗੁਰਸ਼ਰਨ ਸਿੰਘ ਵਰਗੇ ਤੱਤੇ ਸੋਚਵਾਨਾਂ ਨੂੰ ਵੀ ਆਪਣੇ ਅੰਦਰ ਸਮੇਟ ਲੈਣ ਦੀ ਅਥਾਹ ਸਮਰਥਾ ਰੱਖਦਾ ਹੈ। ਵਿਚਾਰਾਂ ਦੇ ਖੇਤਰ ਵਿਚ ਆਪਣੀ ਸਰਦਾਰੀ ਕਾਇਮ ਕਰਨ ਦੀ ਜਦੋ-ਜਹਿਦ ਵਿਚ ਰਾਜ ਸੱਤਾ ਜਬਰ ਕਰਨ ਅਤੇ ਜਜ਼ਬ ਕਰ ਲੈਣ ਦੀ ਵਿਆਪਕ ਸਮਰੱਥਾ ਦੀ ਮਾਲਕ ਹੈ। ਪੰਜਾਬ ਵਿਚ ਪੰਜਾਬ ਸਰਕਾਰ ਦੇ ਅਨੇਕਾਂ ਰੰਗਮੰਚ ਹਨ ਜਿਹੜੇ ਉਸਦੇ 'ਆਪਣੇ' ਹਨ। ਗੁਰਸ਼ਰਨ ਸਿੰਘ ਦੇ ਰੰਗਮੰਚ ਅਤੇ ਉਸ ਦੀਆਂ ਲਿਖਤਾਂ ਦੇ 'ਵਾਰਸ' ਬਨਣ ਦੀ ਦੌੜ ਸੰਬੰਧੀ ਸਾਨੂੰ ਚੌਕਸ ਰਹਿਣਾ ਚਾਹੀਦਾ ਹੈ। ਦੂਸਰਾ ਖ਼ਤਰਾ ਹੈ ਉਨ੍ਹਾਂ ਅਲੰਬਰਦਾਰਾਂ ਤੋਂ ਜਿਹੜੇ ਸਮਝਦੇ ਹਨ ਕਿ ਗੁਰਸ਼ਰਨ ਸਿੰਘ ਦੀ ਲੋਕਾਂ ਨੂੰ ਪਰਣਾਈ ਨੁਕਰ ਮੰਚਨ ਕਲਾ ਨਾਲੋਂ ਪਰਦਿਆਂ ਨਾਲ ਸਜਿਆ ਫਬਿਆ ਮੰਚ ਉੱਚ ਦਰਜੇ ਦਾ ਹੈ। ਗੁਰਸ਼ਰਨ ਸਿੰਘ ਨੂੰ ਉਮਰ ਭਰ ਇਸ ਧਮਕੀ ਦਾ ਸਾਹਮਣਾ ਕਰਨਾ ਪਿਆ ਤੇ ਮੈਂ ਇਹ ਕਹਾਂਗਾ ਕਿ ਇਹ ਮਾਣ ਗੁਰਸ਼ਰਨ ਸਿੰਘ ਨੂੰ ਹੀ ਜਾਂਦਾ ਹੈ ਕਿ ਉਸਨੇ ਇਸ ਧਮਕੀ ਦਾ ਪੂਰੀ ਦ੍ਰਿੜ੍ਹਤਾ ਤੇ ਸਫ਼ਲਤਾ ਨਾਲ ਮੁਕਾਬਲਾ ਕੀਤਾ। ਇਹ ਸਫ਼ਲਤਾ ਉਸ ਨੇ ਆਪਣੀ ਇਮਾਨਦਾਰੀ ਅਤੇ ਦਿਲ ਦੀਆਂ ਪਰਤਾਂ ਵਿਚੋਂ ਨਿਕਲਦੀਆਂ ਲਿਖਤਾਂ ਰਾਹੀਂ, ਗਰੀਬਾਂ, ਦਲਿਤਾਂ ਅਤੇ ਔਰਤਾਂ ਪ੍ਰਤੀ ਆਪਣੀ ਨਿਹਚਾ ਰਾਹੀਂ ਗਲਤ ਚੀਜ਼ਾਂ ਪ੍ਰਤੀ ਨਿਡਰ ਅਤੇ ਬੇਕਿਰਕ ਵਤੀਰੇ ਰਾਹੀਂ ਇਨਸਾਨਾਂ ਵਿਚ ਅਡੋਲ ਯਕੀਨ ਰੱਖਦੇ ਹੋਏ ਅਤੇ ਕਾਰਲ ਮਾਰਕਸ ਦੇ ਵਿਚਾਰਾਂ ਵਿਚ ਆਪਣੇ ਵਿਸ਼ਵਾਸ ਰਾਹੀਂ ਹਾਸਲ ਕੀਤੀ। ਜੋ ਕੁਝ ਵੀ ਗ਼ਲਤ ਲਗਦਾ ਸੀ ਗੁਰਸ਼ਰਨ ਸਿੰਘ ਨੇ ਸ਼ਰੇਆਮ ਉਸ ਨੂੰ ਚੁਣੌਤੀ ਦਿੱਤੀ।

ਇਨ੍ਹਾਂ ਧਮਕੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਤੋਂ ਆਪਣੀ ਰੱਖਿਆ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਅਸੀਂ ਇਕਮੁੱਠ ਹੋਈਏ। ਜਿਹੜੀਆਂ ਵੀ ਸਿਆਸੀ ਤਾਕਤਾਂ ਉਸ ਦੀ ਵਿਰਾਸਤ ਨੂੰ ਆਪਣੀ ਵਿਰਾਸਤ ਸਮਝਦੀਆਂ ਹਨ ਉਨ੍ਹਾਂ ਨੂੰ ਇਕੱਠੇ ਹੋਣ ਦੀ ਜ਼ਰੂਰਤ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਰਸ਼ਰਨ ਇਕ ਕਮਿਊਨਿਸਟ ਸੀ। ਕਮਿਊਨਿਸਟ ਹੋਣ ਉੱਤੇ ਉਸ ਨੂੰ ਇਕ ਖਾਸ ਮਾਣ ਸੀ ਅਤੇ ਹੁਣ ਦੇ ਸਮਿਆਂ ਨਾਲੋਂ ਸਾਡੇ ਦੌਰ ਵਿਚ ਇਸ ਦੇ ਹੋਰ ਵੀ ਵੱਡੇ ਅਰਥ ਸਨ। ਉਨ੍ਹਾਂ ਸਮਿਆਂ ਦੇ ਕਵੀ ਸੀ ਡੇ ਲੇਵਿਸ ਦੀਆਂ ਦੋ ਪੰਕਤੀਆਂ ਮੈਨੂੰ ਅਜੇ ਵੀ ਯਾਦ ਹਨ। ਇਕ ਸਵਾਲ ਤੇ ਇਕ ਜਵਾਬ, ਸਤਰ ਕੁਝ ਇਸ ਤਰ੍ਹਾਂ ਸਨ :

ਲਾਲ ਰੰਗ ਦੇਖ ਕੇ ਕਿਉਂ ਲਗਦਾ ਹੈ ਕਿ ਬੌਣੇ ਹਾਂ ਅਸੀਂ ?  
ਉਹ ਤਾਂ ਭਵਿੱਖ ਹੈ ਜੋ ਸਾਨੂੰ ਮਿਲਣ ਵਧਦਾ ਆ ਰਿਹੈ.....

ਕੀ ਗੁਰਸ਼ਰਨ ਬਾਰੇ ਇਹੀ ਕਿਹਾ ਜਾ ਸਕਦਾ ਹੈ ?ਮੇਰਾ ਕਹਿਣਾ ਹੈ ਕਿ ਹਾਂ। ਨਿਹਚਾ, ਦ੍ਰਿੜ੍ਹਤਾ ਅਤੇ ਕਮਿਊਨਿਸਟ ਵਿਚਾਰਾਂ ਤੇ ਆਦਰਸ਼ਾਂ ਨੂੰ ਰੰਗ ਮੰਚ ਰਾਹੀਂ ਜਨਤਾ ਤੱਕ ਪਹੁੰਚਾਉਣ ਦੀ ਉਸਦੀ ਯੋਗਤਾ, ਇਨ੍ਹਾਂ ਤਿੰਨ ਗੁਣਾਂ ਦਾ ਉਹ ਇਕ ਨਾਯਾਬ ਮੁਜੱਸਮਾ ਸੀ। ਲਹਿਰ ਵਿਚ ਬਹੁਤ ਜਣੇ ਅਜਿਹੇ ਹਨ ਜਿਹੜੇ ਨਿਹਚਾ ਵਾਲੇ ਹਨ ਪਰ ਸ਼ਾਇਦ ਉਸ ਵਰਗੀ ਯੋਗਤਾ ਦੇ ਮਾਲਕ ਨਹੀਂ ਹਨ। ਗੁਰਸ਼ਰਨ ਅੰਦਰ ਤਿੰਨੋਂ ਚੀਜ਼ਾਂ ਮੌਜੂਦ ਸਨ ਕਮਿਊਨਿਸਟ ਹੋਣ ਦੇ ਨਾਤੇ ਉਹ ਪੰਜਾਬ ਦੀ ਕਮਿਊਨਿਸਟ ਲਹਿਰ ਦੀ ਹਾਲਤ ਬਾਰੇ ਫ਼ਿਕਰਮੰਦ ਸੀ। ਕਮਿਊਨਿਸਟ ਤਾਕਤਾਂ ਨੂੰ ਇਕਮੁੱਠ ਕਰਨ ਦੀਆਂ ਉਸ ਦੀਆਂ ਕੋਸ਼ਿਸ਼ਾਂ ਵਿਚ 1986 ਵਿਚ 'ਇਨਕਲਾਬੀ ਏਕਤਾ ਕੇਂਦਰ' ਦੀ ਸਥਾਪਨਾ ਉਸ ਦੇ ਇਸ ਫ਼ਿਕਰ ਦਾ ਇਕ ਇਜ਼ਹਾਰ ਸੀ। ਉਸ ਨੇ ਮੈਨੂੰ ਕਿਹਾ ਸੀ ਕਿ ਜੇ ਉਸ ਦੀ ਸਿਹਤ ਨੇ ਇਜਾਜ਼ਤ ਦਿੱਤੀ ਤਾਂ ਉਹ ਭਵਿੱਖ ਵਿਚ ਅਜਿਹੀ ਇਕ ਹੋਰ ਕੋਸਿਸ਼ ਕਰੇਗਾ।

*ਇਤਿਹਾਸ ਵਿਚ ਵਿਚਰਦਿਆਂ ਮੈਨੂੰ ਇਲਮ ਸੀ ਕਿ ਮੈਂ ਜਨ ਸਮੂਹ ਅੰਦਰ ਇਕ ਪ੍ਰਤੀਰੋਧ ਦੀ ਲਹਿਰ ਉਤਪੰਨ ਕਰਨ ਦੇ ਸਮਰੱਥ ਹਾਂ ਪ੍ਰੰਤੂ ਇਸ ਦੇ ਨਾਲ ਮੈਨੂੰ ਆਪਣੇ ਇਨਕਲਾਬੀ ਜੀਵਨ ਦੌਰਾਨ ਸਮੁੱਚੀ ਲਹਿਰ ਨੂੰ ਇਕਜੁਟ ਕਰਨ ਦਾ ਬੀੜਾ ਵੀ ਵੱਖ-ਵੱਖ ਸਮਿਆਂ ਉਪਰ ਉਠਾਉਣਾ ਪਿਆ ਕਿਉਂਕਿ ਮੈਨੂੰ ਇੰਨੀ ਸੋਝੀ ਸੀ ਕਿ ਸਮਾਜ ਨੂੰ ਬਦਲਣ ਲਈ ਇਕ ਰਾਜਨੀਤਕ ਬਦਲ ਅਣਸਰਦੀ ਲੋੜ ਹੈ। ਇਹ ਲੋੜ ਮੇਰੇ ਤੁਰ ਜਾਣ ਤੋਂ ਬਾਅਦ ਵੀ ਬਣੀ ਰਹੇਗੀ। ਇਸ ਗੱਲ ਦਾ ਅਹਿਸਾਸ ਆਪਣੇ ਦਿਲ ਵਿਚ ਲੈ ਕੇ ਜਾ ਰਿਹਾ ਹਾਂ। ਦੇਖੋ ਇਤਿਹਾਸ ਦਾ ਵਹਾਅ ਅੱਗੇ ਕਿਸ ਕਰਵਟ ਬਹਿੰਦਾ ਹੈ। ਮੈਂ ਆਪਣੀ ਜ਼ਿੰਮੇਵਾਰੀ ਨਿਭਾਅ ਗਿਆ ਹਾਂ। ਮੈਨੂੰ ਇਤਿਹਾਸ ਕਿੰਝ ਦੇਖੇਗਾ ਇਹ ਤਾਂ ਮੇਰੇ ਜੀਵਨ ਦੇ ਸਾਥੀ ਬਣੇ ਮੇਰੇ ਹਮਸਫ਼ਰਾਂ ਨੇ ਫੈਸਲਾ ਕਰਨਾ ਹੈ। ਮੈਂ ਆਪਣੇ ਕਾਰਜ ਆਪਣੀ ਸਮਰੱਥਾ ਤੋਂ ਵੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।*



ਅਸਾਂ ਦੋਵਾਂ ਨੇ ਏਕਤਾ ਲਈ ਅਜਿਹੀ ਕੋਸ਼ਿਸ਼ ਸਬੰਧੀ ਲੰਬੀ ਗੱਲਬਾਤ ਵੀ ਕੀਤੀ। ਉਹ ਸਾਰੀਆਂ ਪਾਰਟੀਆਂ ਦੀ ਇਕ ਬੈਠਕ ਬੁਲਾਉਣੀ ਚਾਹੁੰਦਾ ਸੀ ਜਿਸ ਵਿਚ ਉਹ ਤਿੱਖੀਆਂ ਖੱਬੀਆਂ ਧਿਰਾਂ ਦੇ ਹਰ ਛੋਟੇ ਵੱਡੇ ਹਿੱਸੇ ਨੂੰ ਬੁਲਾਉਣਾ ਚਾਹੁੰਦਾ ਸੀ, ਉਹ ਉਨ੍ਹਾਂ ਸਾਰਿਆਂ ਨੂੰ ਇਕ ਮੰਚ ਉੱਤੇ ਇਕੱਠਾ ਕਰਨਾ ਚਾਹੁੰਦਾ ਸੀ ਭਾਵੇਂ ਉਨ੍ਹਾਂ ਦਰਮਿਆਨ ਵਿਆਖਿਆਵਾਂ ਸਬੰਧੀ ਮਤਭੇਦ ਹੈ ਤੇ ਉਨ੍ਹਾਂ ਨੇ ਆਪਣੇ ਕਿਹੋ ਜਿਹੇ ਵੀ ਨਾਂਅ ਰੱਖੇ ਹੋਣ ਅਤੇ ਉਨ੍ਹਾਂ ਸਭ ਨੂੰ, ਸਮੇਤ ਸਥਾਨਕ ਅਤੇ ਕੌਮੀ ਨੇਤਾਵਾਂ ਨੂੰ ਕਹਿਣਾ ਚਾਹੁੰਦਾ ਸੀ ਕਿ ਉਹ ਭਾਰਤ ਸਬੰਧੀ ਅਤੇ ਪੰਜਾਬ ਦੇ ਲੋਕਾਂ ਸਬੰਧੀ ਆਪਣੀ ਆਪਣੀ ਸਿਆਸਤ ਦੀ ਵਿਆਖਿਆ ਕਰਨ ਤੇ ਉਸ ਉਤੇ ਬਹਿਸ ਕਰਨ। ਉਹ ਸਭ ਗਰੁੱਪਾਂ ਦਰਮਿਆਨ ਦੁਵੱਲੇ, ਸਾਂਝੇ ਅਤੇ ਖੁੱਲ੍ਹੇ ਬਹਿਸ ਅਮਲ ਨੂੰ ਚਲਾਉਣ ਸਬੰਧੀ ਆਪਣੀ ਇਸ ਸਮਝ ਨੂੰ ਪੇਸ਼ ਕਰਨਾ ਚਾਹੁੰਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਜਿਹੜੇ ਏਕਤਾ ਦੇ ਇਸ ਸੱਦੇ ਦਾ ਹੁੰਗਾਰਾ ਨਾ ਭਰਨ ਅਤੇ ਇਸ ਖੁੱਲ੍ਹੀ ਵਿਚਾਰ-ਚਰਚਾ ਵਿਚ ਹਿੱਸਾ ਲੈਣ ਤੋਂ ਕਿਨਾਰਾ ਕਰਨ ਉਨ੍ਹਾਂ ਨੂੰ ਜਨਤਕ ਤੌਰ 'ਤੇ ਨਸ਼ਰ ਕੀਤਾ ਜਾਵੇ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਸੱਦਾ ਦਿੱਤਾ ਜਾਵੇ ਕਿ ਉਹ ਏਕਤਾ ਅਤੇ ਵਿਚਾਰ-ਚਰਚਾ ਦੀ ਕੋਸ਼ਿਸ਼ ਵਿਚ ਸ਼ਾਮਲ ਹੋਣ। ਵੱਖ ਵੱਖ ਗਰੁੱਪਾਂ ਨੂੰ ਉਹ ਇਹ ਖ਼ਾਸ ਸਵਾਲ ਕਰਨਾ ਚਾਹੁੰਦਾ ਸੀ ਕਿ ਅੱਜ ਦੇ ਪੰਜਾਬ ਸਬੰਧੀ ਉਨ੍ਹਾਂ ਦੀ ਸਿਆਸੀ ਸੋਚ ਕੀ ਹੈ ਅਤੇ ਭਵਿੱਖ ਦੇ ਸਮਾਜਵਾਦੀ ਪੰਜਾਬ ਦਾ ਉਹ ਕਿਹੋ ਜਿਹਾ ਮੂੰਹ ਮੁਹਾਂਦਰਾ ਕਿਆਸਦੇ ਹਨ। ਅਸੀਂ ਦੋਵਾਂ ਨੇ ਮਹਿਸੂਸ ਕੀਤਾ ਕਿ 1947 ਤੋਂ ਬਾਅਦ ਦੇ ਬਦਲ ਚੁੱਕੇ ਤੇ ਬਦਲ ਰਹੇ ਹਿੰਦੁਸਤਾਨ ਦੀ ਹਕੀਕਤ ਦਾ ਠੋਸ ਵਿਸ਼ਲੇਸ਼ਣ ਕੀਤਾ ਜਾਵੇ ਅਤੇ ਦੇਸ਼ ਦੀ ਸਿਆਸਤ ਵਿਚਲੇ ਖੇਤਰੀਕਰਨ ਦੇ ਵੱਧ ਰਹੇ ਵਰਤਾਰੇ ਨੂੰ ਧਿਆਨ ਵਿਚ ਰੱਖਦਿਆਂ ਇਹ ਵੀ ਤੈਅ ਕੀਤਾ ਜਾਵੇ ਕਿ ਲੈਨਿਨ ਦੀਆਂ ਕਿਰਤਾਂ 'ਕੀ ਕਰਨਾ ਲੋੜੀਏ' ?ਤੇ 'ਕਿਥੋਂ ਸ਼ੁਰੂ ਕਰੀਏ ?' ਨੂੰ ਖੇਤਰ ਜਾਂ ਸੂਬੇ ਦੇ ਪੱਧਰ ਉਤੇ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ। ਅਸੀਂ ਇਹ ਜ਼ਰੂਰਤ ਮਹਿਸੂਸ ਕੀਤੀ ਕਿ ਖਿੰਡੀਆਂ ਪੁੰਡੀਆਂ ਪਾਰਟੀਆਂ ਅਤੇ ਗਰੁੱਪਾਂ ਨੂੰ ਸਮਾਜਵਾਦੀ-ਦਿਸ਼ਾ ਵਾਲੀ ਸਿਆਸਤ ਦੁਆਲੇ ਇਕੱਠਾ ਕੀਤਾ ਜਾਵੇ ਜਿਸ ਵਿਚ ਮੁੱਖ ਜ਼ੋਰ ਗੈਰ-ਪਾਰਲੀਮਾਨੀ ਘੋਲਾਂ ਉੱਤੇ ਦਿੱਤਾ ਜਾਵੇ। ਜਦ ਉਹ ਏਕਤਾ ਵਾਸਤੇ ਜਦੋ ਜਹਿਦ ਵਿਚ ਹੋਣ ਤਾਂ ਇਹ ਜ਼ਰੂਰੀ ਹੈ ਕਿ ਹਰ ਪਾਰਟੀ ਜਾਂ ਗਰੁੱਪ ਇਮਾਨਦਾਰੀ ਨਾਲ ਸਵੈ-ਪੜਚੋਲ ਕਰੇ। ਉਹ ਇਕ ਦੂਸਰੇ ਪ੍ਰਤੀ ਭਰਾਤਰੀਭਾਵ ਰੱਖਣ ਅਤੇ ਦਾਅ ਪੇਚਾਂ, ਘੋਲ ਦੇ ਰੂਪਾਂ ਜਾਂ ਤਰੀਕਿਆਂ ਸਬੰਧੀ ਮਤਭੇਦਾਂ ਦੀ ਇਜ਼ਾਜਤ ਦੇਣ। ਉਨ੍ਹਾਂ ਦੀ ਇਕ ਦੂਸਰੇ ਬਾਰੇ ਲਿਖਤੀ ਪੜਤੋਲ ਵਿਚ ਸ਼ਬਦਾਂ ਦੇ ਤੀਰ ਘੱਟ ਹੋਣ ਤੇ ਜ਼ਿਆਦਾ ਸਿਧਾਂਤਕ ਹੋਣ ਅਤੇ ਉਨ੍ਹਾਂ ਵਿਚ ਗਾਲੀ-ਗਲੋਚ ਜਾਂ ਮਿਹਣੋ-ਮਿਹਣੀ ('ਸੋਧਵਾਦੀ', 'ਅਰਾਜਕਤਾਵਾਦੀ' ਵਗੈਰਾ) ਨਾ ਹੋਇਆ ਜਾਵੇ। ਉਹ ਇਕ ਦੂਸਰੇ ਨਾਲ ਗੱਲਬਾਤ ਕਰਨ ਨਾ ਕਿ ਇਕ ਦੂਸਰੇ ਉਤੇ ਅਤੇ ਇਹ ਵੀ ਫਰਕ ਪਾਉਣ ਕਿ ਦੇਸ਼ ਦੇ ਲੋਕਾਂ ਨਾਲ ਲੋਕਾਂ ਨੂੰ ਸਮਝ ਆਉਣ ਵਾਲੀ ਬੋਲੀ ਵਿਚ ਗੱਲ ਕਰਨੀ ਸ਼ੁਰੂ ਕਰਨ। ਇਥੋਂ ਤੱਕ ਕਿ ਮੁੱਖ ਧਾਰਾ ਦੀਆਂ (ਕਮਿਊਨਿਸਟ) ਪਾਰਟੀਆਂ ਦੀ ਨੁਕਤਾਚੀਨੀ ਕਰਦਿਆਂ ਸੱਜੇ-ਪੱਖ (ਕਾਂਗਰਸ, ਬੀ. ਜੇ. ਪੀ. ਵਗੈਰਾ) ਦੀ ਭਾਸ਼ਾ ਨਾਲੋਂ ਵਖਰੇਵਾਂ ਰੱਖਣ ਅਤੇ ਮੁਕਾਬਲੇ ਦੀ ਇਨਕਲਾਬੀ ਸਿਆਸਤ ਪੇਸ਼ ਕਰਨ।

ਅੰਤ ਵਿਚ, ਮੈਂ ਇਕ ਆਖ਼ਰੀ ਨੁਕਤੇ ਉਤੇ ਗੱਲ ਕਰਨਾ ਚਾਹੁੰਦਾ

ਹਾਂ। ਸਾਨੂੰ ਕਮਿਊਨਿਸਟਾਂ ਨੂੰ ਸੋਵੀਅਤ ਤਜਰਬੇ ਦਾ ਇਮਾਨਦਾਰ ਜਾਇਜ਼ਾ ਲੈਣਾ ਚਾਹੀਦਾ ਹੈ।ਅੱਜ ਇਸ ਤੱਥ ਨੂੰ ਸਾਹਮਣੇ ਰੱਖ ਕੇ ਚੱਲਣਾ ਚਾਹੀਦਾ ਹੈ ਕਿ ਜ਼ਿਆਦਾਤਰ ਲੋਕ ਇਹ ਮਹਿਸੂਸ ਕਰਦੇ ਹਨ ਕਿ ਸਮਾਜਵਾਦ ਦੀ ਮੌਤ ਹੋ ਚੁੱਕੀ ਹੈ।ਸਾਨੂੰ ਸੋਵੀਅਤ ਤਜਰਬੇ ਦੇ ਹਾਂਪੱਖੀ ਤੇ ਨਾਂਹਪੱਖੀ ਪਹਿਲੂਆਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ। ਸਭ ਤੋਂ ਮਹੱਤਵਪੂਰਨ ਇਹ ਹੈ ਕਿ ਸਾਨੂੰ ਨਾਂਹਪੱਖੀ ਪਸਾਰਾਂ ਨੂੰ ਸਮਝਣਾ ਚਾਹੀਦਾ ਹੈ ਜਦੋਂ ਮੈਂ ਤੇ ਗੁਰਸ਼ਰਨ ਕਮਿਊਨਿਸਟ ਲਹਿਰ ਵਿਚ ਆਏ ਉਦੋਂ ਜਮਹੂਰੀਅਤ ਸਮਾਜਵਾਦ ਦਾ ਹੀ ਜੜੁਤ ਹਿੱਸਾ ਹੋਇਆ ਕਰਦੀ ਸੀ। ਸੋਵੀਅਤ ਤਜਰਬੇ ਦਾ ਸਭ ਤੋਂ ਵੱਡਾ ਨਾਂਹਪੱਖੀ ਅਸਰ ਇਹ ਹੋਇਆ ਕਿ ਜਮਹੂਰੀਅਤ ਅਤੇ ਸਮਾਜਵਾਦ ਵਿਚ ਇਕ ਖਾਈ ਖਿਆਲ ਕੀਤੀ ਜਾਣ ਲੱਗੀ।ਸੋਵੀਅਤ ਯੂਨੀਅਨ ਦਾ ਖ਼ਤਮ ਹੋਣ ਵਿਚ ਜਮਹੂਰੀਅਤ ਵਾਸਤੇ ਇੱਛਾ ਨੇ ਕਿਰਦਾਰ ਨਿਭਾਇਆ ਹੈ ਨਾ ਕਿ ਸਮਾਜਵਾਦ ਦੀ ਉਸਾਰੀ ਦੀ ਜ਼ਰੂਰਤ ਨੇ। ਪਰ ਅੰਤ ਨੂੰ ਹਕੀਕਤ ਵਿਚ ਜੋ ਵਾਪਰਿਆ ਹੈ ਉਹ ਜਮਹੂਰੀਅਤ ਦੇ ਨਾਂਅ ਉਤੇ ਸਰਮਾਏਦਾਰੀ ਦੀ ਮੁੜ ਬਹਾਲੀ ਹੈ। ਸੋਵੀਅਤ ਤਜਰਬੇ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।ਸੋਵੀਅਤ ਤਜਰਬੇ ਅੰਦਰ ਇਕ ਨਵੀਂ ਸਭਿਅਤਾ ਉਸਾਰਨ ਦੀ ਇੱਛਾ ਮੌਜੂਦ ਸੀ। ਇਹ ਨਿਸ਼ਾਨਾ ਹਾਸਲ ਨਹੀਂ ਹੋਇਆ ਪਰ ਇਸ ਦਾ ਮਤਲਬ ਇਹ ਨਹੀਂ ਕਿ ਗੰਦੇ ਪਾਣੀ ਦੇ ਨਾਲ ਨਾਲ ਬੱਚੇ ਨੂੰ ਵੀ ਗਵਾਹ ਮਾਰੀਏ।ਸਮਾਜਵਾਦ ਨੂੰ ਏਕਾਅਧਿਕਾਰਵਾਦ ਤੋਂ ਅਲੱਗ ਕਰਨਾ ਹੋਵੇਗਾ।ਨਵ-ਉਦਾਰਵਾਦ ਦਾ ਜਵਾਬ ਵਧੇਰੇ ਰਾਜਕੀ ਕੰਟਰੋਲ ਨਹੀਂ ਸਗੋਂ 'ਜਮਹੂਰੀ ਯੋਜਨਾਬੰਦੀ' ਹੈ।ਚੋਣ ਮੰਡੀ ਦੇ ਜਾਂ ਰਾਜਕੀ ਕੰਟਰੋਲ ਵਿਚੋਂ ਹੀ ਕਰਨ ਦੀ ਨਹੀਂ।ਜ਼ਰੂਰਤ ਹੈ ਕਿ ਅਸੀਂ ਜਮਹੂਰੀਅਤ ਦੀ ਗਰੀਬੀ ਨੂੰ ਸੰਬੋਧਤ ਹੋਈਏ ਅਤੇ ਅਜਿਹੀਆਂ ਸੰਸਥਾਵਾਂ ਉਸਾਰੀਏ ਜਿਹੜੀਆਂ 'ਜਮਹੂਰੀ ਯੋਜਨਾਬੰਦੀ' ਦੀ ਹਮਾਇਤ ਕਰਨ।ਰਾਜਕੀ ਖੇਤਰ ਵਿਚ, ਜਮਹੂਰੀਅਤ ਕੇਂਦਰੀ ਸਵਾਲ ਹੈ।

ਇਹ ਗੁਰਸ਼ਰਨ ਦੀਆਂ ਕਹੀਆਂ ਹੋਈਆਂ ਗੱਲਾਂ ਨਹੀਂ ਹਨ।ਇਹ ਕੁਝ ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਗੁਰਸ਼ਰਨ ਚਾਹੁੰਦਾ ਸੀ ਕਿ ਖੱਬੇ ਗਰੁੱਪ ਬਹਿਸ-ਵਿਚਾਰ ਕਰਨ।ਉਸ ਦੀ ਜ਼ੋਰਦਾਰ ਇੱਛਾ ਸੀ ਕਿ ਖੱਬੀਆਂ ਧਿਰਾਂ ਪੰਜਾਬ ਦੀ ਸਿਆਸਤ ਸਬੰਧੀ ਵਿਚਾਰ-ਚਰਚਾ ਕਰਨ। ਬਦਕਿਸਮਤੀ ਇਹ ਹੈ ਕਿ ਜ਼ਿਆਦਾਤਰ ਖੱਬੀਆਂ ਧਿਰਾਂ ਦਾਅਵਾ ਕਰਦੀਆਂ ਹਨ ਕਿ ਮਾਰਕਸਵਾਦ ਅਜਿੱਤ ਹੈ।ਜੇ ਮਾਰਕਸਵਾਦ ਕੋਈ ਅਜਿਹਾ 'ਵਿਗਿਆਨ' ਹੁੰਦਾ ਤਾਂ ਸਮਾਜਵਾਦ ਅਜਿਹੇ ਸੰਕਟ ਵਿਚ ਨਾ ਫਸਦਾ ਜਿਸ ਵਿਚ ਅੱਜ ਹੈ।ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਸਰਮਾਏਦਾਰੀ ਸੰਕਟ ਵਿਚ ਹੈ ਪਰ ਸਮਾਜਵਾਦ ਦਾ ਵਿਚਾਰ ਸੰਕਟ ਵਿਚ ਕਿਉਂ ਹੈ ?ਏਕਾਅਧਿਕਾਰਵਾਦ ਅਤੇ ਸੋਵੀਅਤ ਸਮਾਜਵਾਦ ਦਾ ਵਿਗਾੜ ਇਸ ਦਾ ਇਕ ਕਾਰਨ ਹੈ।ਮੈਂ ਤਾਂ ਇਸ ਨੂੰ ਇੰਜ ਕਹਿੰਦਾ ਹਾਂ ਕਿ ਅਸਾਂ ਕਮਿਊਨਿਸਟਾਂ ਨੂੰ 'ਸਰਕਾਰੀ ਸਮਾਜਵਾਦ' ਤੋਂ ਦੂਰ ਹਟਣਾ ਚਾਹੀਦਾ ਹੈ ਅਤੇ ਕਾਰਲ ਮਾਰਕਸ ਦੇ ਸਮਾਜਵਾਦ ਵੱਲ ਵਾਪਸ ਮੁੜਣਾ ਚਾਹੀਦਾ ਹੈ। ਸਾਨੂੰ ਬੀਤੇ ਸਾਲਾਂ ਦੇ ਡਾਗਮਾ ਜਾਂ ਜੜ੍ਹ ਵਿਚਾਰਾਂ ਨੂੰ ਛੱਡਣਾ ਚਾਹੀਦਾ ਹੈ। ('ਸਰਕਾਰੀ ਮਾਰਕਸਵਾਦ' ਵੀ ਤੇ ਇਸ ਦੇ 'ਮਾਓਵਾਦੀ ਰੂਪ' ਨੂੰ ਵੀ) ਅਤੇ ਕਾਰਲ ਮਾਰਕਸ ਦੇ ਮਾਰਕਸਵਾਦ ਵੱਲ ਮੁੜਣਾ ਚਾਹੀਦਾ ਹੈ, ਉਸ ਤਰ੍ਹਾਂ ਸੋਚਣਾ ਚਾਹੀਦਾ ਹੈ ਜਿਵੇਂ ਮਾਰਕਸ ਨੇ ਉਨ੍ਹਾਂ ਦੀ ਥਾਂ ਸੋਚਿਆ ਹੁੰਦਾ-ਜਿਵੇਂ ਕਿ ਏਂਗਲਜ਼ ਨੇ ਜ਼ੋਰ ਦਿੱਤਾ ਸੀ ਕਿ ਸ਼ਬਦ ਮਾਰਕਸਵਾਦੀ ਦਾ ਮੂਲ ਮਨੋਰਥ ਇਸੇ ਤਰ੍ਹਾਂ ਕਰਨ ਵਿਚ ਹੈ।ਜੋ ਕੁਝ ਸੋਵੀਅਤ ਯੂਨੀਅਨ ਵਿਚ ਵਾਪਰਿਆ ਤੇ ਜੋ ਵੀ ਇਸਦੀਆਂ ਅਰਥ-ਸੰਭਾਵਨਾਵਾਂ ਹਨ ਸਾਨੂੰ ਉਸ ਦਾ ਮਾਰਕਸਵਾਦੀਆਂ ਵਾਂਗ ਜਾਇਜ਼ਾ ਲੈਣਾ ਚਾਹੀਦਾ ਹੈ।ਇਸ ਤੋਂ ਵੀ ਵੱਧ ਜ਼ਰੂਰੀ ਇਹ ਹੈ ਕਿ ਸਾਨੂੰ ਆਪਣੇ ਬੀਤੇ ਦੀ ਪੂਰੀ 'ਬੇਕਿਰਕੀ' ਨਾਲ ਅਤੇ 'ਬਿਨਾਂ ਤਰਸ' ਪੜਚੋਲ ਕਰਨੀ ਚਾਹੀਦੀ ਹੈ, ਜਿਵੇਂ ਕਿ ਇਨਕਲਾਬੀ ਸਿਧਾਂਤ ਅਤੇ ਅਮਲ ਸਬੰਧੀ ਮਾਰਕਸ ਕਰਿਆ ਕਰਦਾ ਸੀ।

ਮੇਰੀ ਆਸ ਹੈ ਕਿ ਇਸ ਕੋਸ਼ਿਸ਼ ਵਿਚ ਇਹ ਕਿਤਾਬ ਮਦਦਗਾਰ ਸਾਬਤ ਹੋਵੇਗੀ। ਮਾਰਕਸਵਾਦ ਬਾਰੇ ਸੋਚਣ ਤੇ ਅਮਲ ਕਰਨ ਵਿਚ ਸਹਾਈ ਹੋਵੇਗੀ ਅਤੇ ਮਾਰਕਸਵਾਦ ਨੂੰ ਸਮਝਣ ਸਬੰਧੀ ਪਹੁੰਚ ਬਣਾਉਣ ਵਿਚ ਮਦਦ ਕਰੇਗੀ।ਮੈਂ ਇਹ ਵੀ ਆਸ ਕਰਦਾ ਹਾਂ ਕਿ ਇਹ ਕਿਤਾਬ ਪੰਜਾਬ ਵਿਚ ਮਜਬੂਤ ਕਮਿਊਨਿਸਟ ਲਹਿਰ ਖੜ੍ਹੀ ਕਰਨ ਵਿਚ ਸਹਾਈ ਹੋਵੇਗੀ।ਇਹੀ ਗੁਰਸ਼ਰਨ ਨੂੰ ਸ਼ਰਧਾਂਜਲੀ ਹੋਵੇਗੀ, ਸਾਰੀ ਉਮਰ ਉਹ ਇਸੇ ਵਾਸਤੇ ਜੂਝਦਾ ਰਿਹਾ।ਜਦੋਂ ਹਰ ਖੱਬੀ ਧਿਰ ਅਤੇ ਇਸ ਤੋਂ ਪਰ੍ਹਾਂ ਦੇ ਹਿੱਸੇ ਵੀ ਅੱਜ ਗੁਰਸ਼ਰਨ ਦੀ ਵਿਰਾਸਤ ਦੇ ਦਾਅਵੇਦਾਰ ਹਨ, ਬਦਕਿਸਮਤੀ ਇਹ ਹੈ ਕਿ ਇਸ ਕਿਰਤ ਨੂੰ ਕਮਿਊਨਿਸਟ ਲਹਿਰ ਉਸਾਰਨ ਲਈ ਸਹੀ ਤਰ੍ਹਾਂ ਨਾਲ ਨਹੀਂ ਵਰਤਿਆ ਗਿਆ। ਇਹ ਕਮਿਊਨਿਸਟ ਲਹਿਰ ਉਸਾਰਨ ਲਈ, ਇਹਦੇ ਲਈ ਪ੍ਰੋਗਰਾਮ ਘੜਣ ਲਈ, ਸਾਨੂੰ ਸਿਰਫ਼ ਕਿਸਾਨਾਂ, ਮਜ਼ਦੂਰਾਂ ਤੇ ਨੀਮ-ਬੁਰਜੂਆਜ਼ੀ ਦੀਆਂ ਜਥੇਬੰਦੀਆਂ ਉੱਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਕੋਸ਼ਿਸ਼ ਵਿਚ 'ਖੱਬੀਆਂ' ਤਾਕਤਾਂ ਤੋਂ ਬਾਹਰ ਦੀਆਂ ਸਾਰੀਆਂ ਤਾਕਤਾਂ ਦੀ 'ਦੋਸਤਾਨਾ' ਸਿਆਣਪ ਨੂੰ ਵੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ।ਪੁਸ਼ਤਾਂ ਤੋਂ ਲੋਕ ਜ਼ਿੰਦਗੀ ਨੂੰ ਚੰਗਾ ਬਣਾਉਣ ਲਈ ਲੜਦੇ ਆਏ ਹਨ।ਸਾਨੂੰ ਮਨੁੱਖਤਾ ਦੇ ਨੈਤਿਕ ਸਰਮਾਏ ਉਤੇ ਨਿਰਭਰ ਕਰਨਾ ਚਾਹੀਦਾ ਹੈ, ਜਿਵੇਂ ਕਿ ਗੁਰਸ਼ਰਨ ਦਾ ਵਿਸ਼ਵਾਸ ਸੀ, ਉਨ੍ਹਾਂ ਸਾਰਿਆਂ ਤੋਂ ਸਿੱਖਣਾ ਚਾਹੀਦਾ ਹੈ ਜਿਹੜੇ ਜਿਹੜੇ ਬਿਹਤਰ ਜ਼ਿੰਦਗੀ ਵਾਸਤੇ ਵਚਨਬੱਧ ਹਨ।ਉਸ ਨੇ ਆਪਣੀਆਂ ਸਾਰੀਆਂ ਲਿਖਤਾਂ ਤੇ ਨਾਟਕਾਂ ਵਿਚ ਇਸੇ ਨੈਤਿਕ ਸਰਮਾਏ ਉਤੇ ਟੇਕ ਰੱਖੀ ਅਤੇ ਸਾਨੂੰ ਵੀ ਇਹੀ ਕਰਨਾ ਚਾਹੀਦਾ ਹੈ।

ਅੱਜ ਦੁਨੀਆ ਯਕੀਨਨ ਹੀ ਡੂੰਘੇ ਸੰਕਟ ਵਿਚ ਹੈ, ਅਨੇਕਾਂ ਸਮੱਸਿਆਵਾਂ ਦੀ ਮਾਰੀ ਹੋਈ।ਜਦ ਤੱਕ ਦੁਨੀਆ ਵਿਸ਼ਵੀ ਸਰਮਾਏ ਦੀ ਦੁਨੀਆ ਹੈ ਮਾਰਕਸਵਾਦ ਉਨ੍ਹਾਂ ਲਈ ਅਣਸਰਦੀ ਲੋੜ ਹੈ ਜਿਹੜੇ ਇਨ੍ਹਾਂ ਸਮੱਸਿਆਵਾਂ ਨਾਲ ਜੂਝ ਕੇ ਸਫ਼ਲਤਾ ਹਾਸਲ ਕਰਨਾ ਚਾਹੁੰਦੇ ਹਨ।ਮੈਂ ਸਿਰਫ਼ ਇਕ ਗੱਲ ਹੋਰ ਕਹਿਣੀ ਚਾਹਾਂਗਾ ਕਿ ਇਹ ਦੁਨੀਆ ਸਰਮਾਏ ਦੇ ਆਸ਼ਕਾਂ ਜਾਂ ਇਸ ਦੇ ਮਾਰਿਆਂ ਦੀ ਹੀ ਦੁਨੀਆ ਨਹੀਂ, ਨਾ ਹੀ ਜਿਵੇਂ ਕਿ ਸੀ. ਰਾਈਟ ਮਿਲਜ਼ ਕਹਿੰਦਾ ਹੈ 'ਖੁਸ਼ ਰਹਿਣੇ ਰੋਬਟਾਂ' ਦੀ ਦੁਨੀਆ ਹੈ, ਸਗੋਂ ਅਤੇ ਵਧਦੀ ਹੋਈ ਗਿਣਤੀ ਵਿਚ, ਕੁਝ ਉਨ੍ਹਾਂ ਦੀ ਵੀ ਦੁਨੀਆ ਹੈ ਜਿਹੜੇ ਗੁੱਸੇ ਨਾਲ ਭਰੇ ਪੀਤੇ ਇਨਸਾਨ ਹਨ ਅਤੇ ਕਾਲੇ ਹੋ ਚੁੱਕੇ ਅਸਮਾਨਾਂ ਵਿਚ ਅਜਿਹੀ ਦੁਨੀਆ ਲਈ ਜੂਝ ਰਹੇ ਹਨ ਜਿਹੜੀ ਹਰ ਕਿਸੇ ਦੇ ਰਹਿਣ ਦੇ ਕਾਬਲ ਹੋਵੇ।ਉਨ੍ਹਾਂ ਨੂੰ ਆਪਣੀਆਂ ਜਦੋ-ਜਹਿਦਾਂ ਲਈ ਜ਼ਰੂਰੀ ਚਾਹੀਦੇ ਬੌਧਿਕ ਹਥਿਆਰ ਮਾਰਕਸਵਾਦ ਵਿਚੋਂ ਹੀ ਮਿਲਣਗੇ।

- ਅਰੀਤ, ਬੇਟੀ ਗੁਰਸ਼ਰਨ ਭਾਅ ਜੀ

# ਕੋਈ ਹਕੂਮਤੀ ਪਾਰਟੀ ਉਨ੍ਹਾਂ ਨੂੰ ਆਪਣਾ ਨਾਇਕ ਨਹੀਂ ਬਣਾ ਸਕੇਗੀ



ਯਕੀਨ ਦਵਾਂਦੀ ਆਂ ਕਿ ਸਾਡੇ ਜਿਉਂਦਿਆਂ ਜੀਅ ਅਸੀਂ ਗੁਰਸ਼ਰਨ ਸਿੰਘ ਦੇ ਵਾਰਸ, ਦੋਵੇਂ ਭੈਣਾਂ ਇਸ ਕਰਕੇ ਨਹੀਂ ਆਂ ਕਿ ਅਸੀਂ ਉਨ੍ਹਾਂ ਦੇ ਬੱਚੇ ਆਂ, ਕਿਉਂਕਿ ਸਾਡੇ ਜਨਮਦਾਤਾ ਹਨ। ਅਸੀਂ ਉਨ੍ਹਾਂ ਦੇ ਓਨੇ ਹੀ ਫਾਲੋਅਰ ਵੀ ਹਾਂ, ਅਸੀਂ ਉਨ੍ਹਾਂ ਦੇ ਜਜ਼ਬੇ ਵੀ ਸਮਝਦੇ ਹਾਂ। ਉਨ੍ਹਾਂ ਦੀ ਸੋਚ ਨੂੰ ਕੋਈ ਖਰੀਦ ਨਹੀਂ ਸਕੇਗਾ। ਕੋਈ ਹਕੂਮਤੀ ਪਾਰਟੀ ਉਨ੍ਹਾਂ ਨੂੰ ਆਪਣਾ ਨਾਇਕ ਨਹੀਂ ਬਣਾ ਸਕੇਗੀ। (ਭਾਅ ਜੀ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ, ਭਾਅ ਜੀ ਤੇਰਾ ਕਾਜ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ। ਗੁਰਸ਼ਰਨ ਭਾਅ ਜੀ ਤੈਨੂੰ ਲਾਲ ਸਲਾਮ) ਮੈਂ ਇਥੇ ਆਨਾ ਇਸ ਕਰਕੇ ਵੀ ਫਰਜ਼ ਸਮਝਦੀ ਆਂ, ਮੈਂ ਸਮਝਦੀ ਹਾਂ, ਕਿ ਜਿਥੇ ਗੁਰਸ਼ਰਨ ਸਿੰਘ ਨੂੰ ਯਾਦ ਕੀਤਾ ਜਾਵੇਗਾ, ਅਸੀਂ ਉਥੇ ਪਹੁੰਚਾਂਗੇ। ਉਹ ਲੋਕਾਂ ਦਾ ਨਾਇਕ ਇਸ ਕਰਕੇ ਐ ਬਈ ਜੋ ਚੀਜ਼ ਉਹ ਲੋਕਾਂ ਨੂੰ ਕਹਿੰਦੇ ਰਹੇ, ਜੋ ਸੁਨੇਹੇ ਉਹ ਲੋਕਾਂ ਨੂੰ ਦਿੰਦੇ ਰਹੇ, ਉਹ ਸੁਨੇਹੇ ਉਨ੍ਹਾਂ ਨੇ ਆਪਣੀ ਬਿਆਸੀ ਸਾਲਾਂ ਦੇ ਜੀਵਨ ਵਿਚ ਪਲ ਪਲ ਉਹ ਸੁਨੇਹੇ ਲੈ ਕੇ ਹੀ ਉਹ ਵਿਚਰੇ ਹਨ। ਕੋਈ ਐਸਾ ਪਲ ਨਹੀਂ ਆਇਆ, ਜਦੋਂ ਅਸੀਂ ਦੇਖਿਆ ਹੋਏ ਕਿ ਪਾਪਾ ਬਾਹਰ 'ਤੇ ਕੋਈ ਹੋਰ ਭਾਸ਼ਣ ਦੇ ਆਏ ਤੇ ਘਰ ਵਿਚ ਕੋਈ ਹੋਰ ਵਤੀਰਾ ਕਰਦੇ ਪਏ ਐ। ਮੈਂ ਅੰਜ ਇਕੇ ਖੜ੍ਹੇ ਹੋ ਕੇ ਬੜੀ ਹੈਰਾਨੀ ਵਾਲੀ ਗੱਲ ਇਹ ਵੀ ਸੋਚੀ ਕਿ ਮੇਰੀ ਐਨੀ ਲੰਮੀ ਜ਼ਿੰਦਗੀ ਮੈਂ ਉਨ੍ਹਾਂ ਦੇ ਨਾਲ ਗੁਜ਼ਾਰੀ ਐ। ਦੋ ਚੀਜ਼ਾਂ ਮੈਂ ਉਨ੍ਹਾਂ ਦੇ ਮੂੰਹ ਤੋਂ ਕਦੇ ਨਹੀਂ ਸੁਣੀਆਂ। ਕਦੀ ਗਲਤੀ ਨਾਲ ਵੀ, ਗੁੱਸੇ 'ਚ ਵੀ ਹੋਣ ਕਿਸੇ ਵੀ ਪਲ ਇਕ ਗਾਲ੍ਹ-ਕਦੀ ਗਾਲ੍ਹ ਨੀਂ ਸੁਣੀ। ਉਨ੍ਹਾਂ ਦੇ ਮੂੰਹੋਂ ਮਾਂ ਜਾਂ ਭੈਣ ਦੀ ਗਾਲ੍ਹ ਜਿਹੜੀ ਉਹ ਪੰਜਾਬ ਦੀ ਸਟੇਜ ਵਿਚ ਪਿੰਡਾਂ ਵਿਚ ਜਾ ਕੇ ਕਹਿੰਦੇ ਰਹੇ ਨੇ ਕਿ ਗਾਲ੍ਹਾਂ ਕੱਢਣੀਆਂ ਬੰਦ ਕਰੋ। ਲੜਦੇ ਮਰਦ ਨੇ ਤੇ ਬੇਇੱਜ਼ਤੀ ਤੁਸੀਂ ਮਾਵਾਂ ਤੇ ਭੈਣਾਂ ਦੀ ਕਰਦੇ ਓ, ਇਹ ਗੱਲ ਕਰਨੀ ਬੰਦ ਕਰੋ। ਤੇ ਧੀ ਹੋਣ ਦੇ ਨਾਤੇ, ਜਦੋਂ ਤੁਸੀਂ ਕਹਿੰਦੇ ਹੋ ਗੁਰਸ਼ਰਨ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ ਤਾਂ ਕਮ ਸੇ ਕਮ ਐਨਾ ਜ਼ਰੂਰ ਵਾਅਦਾ ਕਰ ਲਓ ਕਿ ਆਪਣੀਆਂ ਜੁਬਾਨਾਂ 'ਤੇ ਕਾਬੂ ਕਰ ਲਓ। ਮਾਂ ਭੈਣ ਨੂੰ ਗਾਲ੍ਹ ਕੱਢਣੀ ਬੰਦ ਕਰ ਦਿਓ। ਤੁਹਾਡਾ ਇਥੇ ਆਨਾ ਸਫ਼ਲ ਹੋ ਜਾਏਗਾ। ਕਿਉਂਕਿ ਲੜਾਈਆਂ ਜਿਹੜੀਆਂ ਹੁੰਦੀਆਂ, ਜਿਹੜੀਆਂ ਤੁਸੀਂ ਸਮਾਜ ਨਾਲ ਲੜਨ ਚਲਦੇ ਓ ਪਹਿਲੇ ਤੁਸੀਂ ਆਪਣੇ ਘਰਾਂ ਤੋਂ ਸ਼ੁਰੂ ਕਰਦੇ ਓ। ਜੇ ਸਾਡੇ ਕਾਮਰੇਡ, ਸਾਡੇ ਵੀਰ ਜਿਹੜੇ ਇਥੇ ਆਏ ਨੇ, ਜੇ ਘਰ ਵਿਚ ਆਪਣੀ ਮਾਂ, ਭੈਣ, ਧੀ ਬਾਹਰ ਖਲੋਤੀ ਔਰਤ ਦੀ ਇੱਜ਼ਤ ਨਹੀਂ ਕਰ ਸਕਦੇ ਤਾਂ ਉਹ ਇਸ ਲਹਿਰ ਨੂੰ ਅੱਗੇ ਨਹੀਂ ਲਿਜਾ ਸਕਦੇ। ਉਹ ਸੱਚੇ ਇਨਕਲਾਬੀ ਨਹੀਂ ਨੇ। ਦੂਜੀ ਗੱਲ ਜੋ ਮੈਂ ਕਦੀ ਉਨ੍ਹਾਂ ਦੇ ਮੂੰਹ 'ਚੋਂ ਨਹੀਂ ਸੁਣੀ ਸਾਡਾ ਆਹ ਸਾਰਾ ਪਰਿਵਾਰ ਸਿੱਖੀ ਵਿਚ ਬੜਾ ਯਕੀਨੀ ਕਰਦਾ ਸੀ, ਸਾਡੇ ਪੜਦਾਦਾ ਜੀ ਚੀਫ਼ ਖਾਲਸਾ ਦੀਵਾਨ ਦੇ ਬਾਨੀਆਂ ਵਿਚੋਂ ਸਨ, ਹਾਲਾਂਕਿ ਪੜ੍ਹੇ ਲਿਖੇ ਬੰਦੇ ਸੀਗੇ ਪਰ ਵਾਹਿਗੁਰੂ ਘਰ ਵਿਚ ਸਾਡੇ ਗੁਰੂ ਗ੍ਰੰਥ ਸਾਹਿਬ ਸਾਡੇ ਹੁੰਦੇ ਸੀ। ਮੈਂ ਇੰਨੇ ਲੰਮੇ ਜੀਵਨ ਵਿਚ ਪਿਤਲੇ ਚਾਰ ਸਾਲ ਉਹ ਮੰਜੇ 'ਤੇ ਪਏ ਰਹੇ। ਉਨ੍ਹਾਂ ਨੂੰ ਕਈ ਕਿਸਮ ਦੇ ਸ਼ੂਗਰ ਰੋਗ ਹੋਣ ਦੇ ਕਰਕੇ ਕਈ ਕਿਸਮ ਦੀਆਂ ਬੀਮਾਰੀਆਂ ਆਈਆਂ, ਕਦੀ ਨਾ ਉਨ੍ਹਾਂ ਨੇ ਜ਼ਿੰਦਗੀ 'ਚ ਹਾਏ ਨੀਂ ਕਹੀ, ਹਾਏ-ਇਹ ਲਫ਼ਜ਼ ਨਹੀਂ ਕੱਢਿਆ। ਨਾ ਉਨ੍ਹਾਂ ਨੇ ਕਿਹਾ ਕਿ ਓਹ ਰੱਬਾ! ਓ ਵਾਹਿਗੁਰੂ!! ਸੱਚੇ ਪਾਤਸ਼ਾਹ!!! ਕਦੀ ਇਹ ਲਫ਼ਜ਼ ਅੱਜ ਤੱਕ ਮੂੰਹ 'ਚੋਂ ਨਹੀਂ ਨਿਕਲਿਆ। ਨਾ ਆਖਰੀ ਪਲਾਂ 'ਚ। ਲੋਕ ਇਹ ਕਹਿੰਦੇ ਆ ਬਈ ਜਾਂਦਾ ਜਾਂਦਾ ਬੰਦਾ ਧਾਰਮਿਕ ਹੋ ਜਾਂਦੈ,.......ਮੇਰੀਮੰਮੀ ਨੇ ਕਈ ਵਾਰੀ ਡਰ ਕੇ ਕਿਹਾ ਕਿ ਤੁਸੀਂ ਵਾਹਿਗੁਰੂ ਆਖੀਓ। ਤਾਂ ਉਹ ਕਹਿੰਦੇ ਤੁਸੀਂ ਆਖੋ। ਵਾਹਿਗੁਰੂ ਮੈਂ ਨਹੀਂ ਕਦੀ ਕਿਹਾ ਕਰਨਾ ਵਾਹਿਗੁਰੂ। ਮਤਲਬ ਜੇ ਵੁਹ ਇਕ ਇਨਕਲਾਬੀ ਸੀ ਤਾਂ ਅਸੀਂ ਹੁਸੈਨੀਵਾਲਾ ਉਨ੍ਹਾਂ ਦੇ ਫੁੱਲ ਪ੍ਰਵਾਹ ਕਰਨ ਗਏ ਤਾਂ ਮੈਂ ਕਿਹਾ ਕਿ ਬੜਾ ਮਾਣ ਐ ਸਾਨੂੰ ਆਪਣੇ ਪੰਜਾਬ ਦੇ ਉਨ੍ਹਾਂ ਦੋ ਨਾਇਕਾਂ 'ਤੇ ਸਾਡਾ ਮਹਾਂ ਨਾਇਕ ਭਗਤ ਸਿੰਘ ਜਿਹੜਾ ਭਰੀ ਜੁਆਨੀ 'ਚ ਲੋਕਾਂ ਨੂੰ ਬਰਾਬਰੀ ਦਾ ਅਤੇ ਸੋਹਣਾ ਸਮਾਜ ਦੇਣ ਵਾਸਤੇ ਉਹ ਸਿਰਫ਼ ਅੰਗਰੇਜ਼ ਦੇ ਵਿਰੁੱਧ ਨਹੀਂ ਸੀ ਉਹ ਆਪਣੇ ਲੋਕਾਂ ਵਾਸਤੇ ਬਰਾਬਰੀ ਦਾ ਵਧੀਆ ਸਮਾਜ ਬਣਾਨਾ ਚਾਹੁੰਦਾ ਸੀ, ਉਸ ਸੋਚ ਲਈ ਉਹ ਭਰੀ ਜਵਾਨੀ ਵਿਚ ਫਾਂਸੀ ਦਾ ਰੱਸਾ ਚੁੰਮ ਗਿਆ ਤੇ ਦੂਜਾ ਸਾਡਾ ਨਾਇਕ ਗੁਰਸ਼ਰਨ ਸਿੰਘ ਹੈ, ਜਿਹੜਾ 82 ਸਾਲ ਇਸ ਧਰਤੀ 'ਤੇ ਵਿਚਰਿਆ, 82 ਸਾਲ ਦੇ ਹਰ ਇਕ ਦਿਨ ਹਰ ਇਕ ਪਲ ਉਹ ਇਨਕਲਾਬੀ ਸੋਚ ਨਾਲ ਈ ਵਿਚਾਰਿਆ। ਉਹਨੇ ਕੰਪਰੋਮਾਈਜ਼ ਨਹੀਂ ਕੀਤਾ। ਜੋ ਉਨ੍ਹਾਂ ਨੇ ਨਾਟਕਾਂ ਦਾ ਰਾਹ ਚੁਣਿਆ, ਜਦੋਂ ਐਮਰਜੈਂਸੀ ਤੋਂ ਪਹਿਲੇ ਉਹ ਬੜੀ ਸਿਆਣਪ ਨਾਲ, ਉਹ ਸਾਇੰਸਦਾਨ ਸਨ ਕਿਉਂਕਿ ਉਹ ਹਰ ਚੀਜ਼ ਦਾ ਫਾਰਮੂਲਾ ਜਿਹਾ ਲੱਭਦੇ ਸਨ, ਉਨ੍ਹਾਂ ਨੇ ਨਾਟਕ ਕੀਤਾ ਸੀ ਕਿ 'ਹਵਾਈ ਗੋਲੇ'। ਪਾਰਲੀਮੈਂਟ 'ਚ ਜੋ ਬਹਿਸ ਚਲ ਰਹੀ ਹੋਣੀ ਐ, ਉਹ ਕਿਸ ਤਰ੍ਹਾਂ ਸਾਡਾ ਮਜ਼ਾਕ ਉਡਾਇਆ ਜਾ ਰਿਹਾ ਆਮ ਲੋਕਾਂ ਦਾ। ਜਦੋਂ ਐਮਰਜੈਂਸੀ ਲੱਗੀ, ਮਤਲਬ ਮੈਂ ਇਹ ਵੀ ਸਮਝਦੀ ਆਂ ਕਿ ਸਿੱਖ ਵਿਰਸੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ। ਉਹ ਗੁਰੂ ਨਾਨਕ ਦੇ ਸਿੱਖ ਤੇ ਗੁਰੂ ਗੋਬਿੰਦ ਸਿੰਘ ਦੇ ਸੱਚੇ ਸਿੰਘ ਸਨ। ਜਦੋਂ ਅਸੀਂ ਲਾਸਟ ਉਨ੍ਹਾਂ ਦੇ ਫੁੱਲ

ਚੁਗੇ ਤਾਂ ਕੜਾ ਉਨ੍ਹਾਂ ਦੇ ਹੱਥ ਵਿਚ ਜਿਹੜਾ ਪਾਂਦੇ ਸੀ, ਉਹ ਸਾਰਾ ਜੀਵਨ ਆਪਣੇ ਹੱਥ ਵਿਚ ਕੜਾ ਪਾ ਕੇ ਰੱਖਿਆ। ਮੈਨੂੰ ਨਹੀਂ ਪਤਾ ਕਿ ਉਹ ਸੱਚੇ ਕਮਿਊਨਿਸਟ ਸੀ ਹਮੇਸ਼ਾ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੇ ਸੀ। ਉਨ੍ਹਾਂ ਨੇ ਕੜਾ ਕਿਉਂ ਨਹੀਂ ਲਾਹਿਆ? ਕਿਉਂਕਿ ਉਨ੍ਹਾਂ ਨੇ ਬੜੀ ਵਾਰੀ ਐਲਾਨ ਨਾਲ ਕਿਹਾ ਸੀਂ ਕ ਮੈਂ ਗੁਰੂ ਨਾਨਕ ਦਾ ਸਿੱਖ ਤੇ ਗੁਰੂ ਗੋਬਿੰਦ ਸਿੰਘ ਦਾ ਸਿੰਘ ਹਾਂ। ਸਾਨੂੰ ਸਾਡੇ ਰਿਸ਼ਤੇਦਾਰਾਂ ਨੇ ਮੈਂ ਅੱਜ ਤੱਕ ਆਪਣੇ ਬੜੇ ਆਪਣੇ ਲੋਕਾਂ ਦੇ ਲਹਿਰਾਂ ਦੇ ਲੋਕਾਂ ਦੇ ਅਖੀਰ ਦੇਖੇ ਨੇ ਕਿ ਆਪਣਾ ਪਰਿਵਾਰ ਈ ਕਹਿ ਦਿੰਦੈ ਕਿ ਪਾਠ ਕਰ ਲਈਏ, ਅਰਦਾਸ ਕਰ ਲਈਏ। ਕੋਈ ਮਾੜਾ ਮੋਟਾ ਰੱਬ ਦਾ ਨਾਂ ਲੈ ਲਈਏ, ਅਰਦਾਸ ਕਰ ਲਈਏ। ਕੋਈ ਮਾੜਾ ਮੋਟਾ ਰੱਬ ਦਾ ਨਾਂ ਲੈ ਲਈਏ। ਉਨ੍ਹਾਂ ਦੀਆਂ ਆਖਰੀ ਰਸਮਾਂ ਵਿਚ ਕਿਸੇ ਵੀ ਰਸਮ ਵਿਚ ਕਦੀ ਵੀ ਅੱਜ ਤੱਕ ਕੋਈ ਧਾਰਮਿਕ ਰਸਮ ਅਦਾ ਨਹੀਂ ਕੀਤੀ ਗਈ। ਜਦੋਂ ਸਾਡੇ ਦੋ ਵੱਡੇ ਜੇਹੜੇ ਹੈਗੇ ਆ, ਉਨ੍ਹਾਂ ਨੇ ਕਿਹਾ ਕਿ ਇਕ ਅਰਦਾਸ 'ਤੇ ਕਰ ਲਓ। ਮੈਂ ਕਿਹਾ, ਉਹ ਆਪਣੇ ਜੀਵਨ ਵਿਚ ਆਪਦੀਅਰਦਾਸ ਕਰ ਚੁੱਕੇ ਹੋਏ ਆਂ। ਗੁਰੂਆਂ ਦਾ ਜਿਹੜਾ ਸੁਨੇਹਾ ਸੀ, ਜਾਤ-ਪਾਤ ਤੋਂ ਬਿਨਾ ਦਾ, ਉਹ ਨੀਚਾਂ ਅੰਦਰ ਨੀਚ ਜਾਤ ਜਿਹੜੇ ਗੁਰੂ ਨਾਨਕ ਦੇਵ ਜੀ ਕਹਿ ਗਏ ਅਤੇ ਜੋ ਗੁਰੂ ਨਾਨਕ ਕਹਿ ਗਿਆ, ਸੱਚ ਕੀ ਬਾਣੀ ਨਾਟਕ ਆਖੈ, ਸੱਚ ਸੁਨਾਇਸੀ ਸਚ ਕੀ ਬੇਲਾ। ਕਿ ਸੱਚ ਉਦੋਂ ਈ ਸੱਚ ਐ ਜਦੋਂ ਉਹਨੂੰ ਕਹਿਣ ਦਾ ਵੇਲਾ ਐ। ਗੁਰਸ਼ਰਨ ਸਿੰਘ ਉਦੋਂ ਸੱਚ ਬੋਲਦਾ ਰਿਹੈ। ਉਹ ਸੱਚ ਬੋਲਦਾ ਰਿਹੈ ਉਹ ਹਮੇਸ਼ਾ ਦਾ ਸੱਚ ਸੀ। ਜੋ ਐਮਰਜੈਂਸੀ 'ਚ 'ਕਿਵ ਕੂੜੇ ਤੂਟੇ ਪਾਲਿ' 'ਚ ਡਰਾਮਾ ਕਰਦੇ ਸੀ ਥਾਂ ਥਾਂ 'ਤੇ ਲੋਕਾਂ ਨੂੰ ਚੀਕ ਚੀਕ ਕੇ ਕਹਿੰਦਾ ਰਿਹਾ ਬਈ ਮੇਰੀ ਧਰਤੀ ਦੇ ਲੋਕੋ ਮੱਤ ਭੁੱਲ ਜਾਓ। ਸਾਕਾ ਸਰਹੰਦ ਦੇ ਉੱਤੇ ਉਹ ਨਾਟਕ ਸੀ। ਜਦੋਂ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਦੇ ਉੱਤੇ ਕਿ ਮੇਰੀ ਧਰਤੀ ਦੇ ਲੋਕੋ ਇਹ ਮੱਤ ਭੁੱਲ ਜਾਓ ਕਿ ਜੇ ਅੱਜ ਕਸੇ ਜ਼ੁਲਮ ਨੂੰ ਤਮਾਸ਼ਾਈ ਬਣ ਕੇ ਦੇਖੋਗੇ ਤਾਂ ਕੱਲ੍ਹ ਨੂੰ ਤੁਹਾਡੇ ਬੱਚਿਆਂ ਨੂੰ, ਤੁਹਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਉਹਦੀ ਕੀਮਤ ਦੇਣੀ ਪਏਗੀ।

ਮੈਂ ਇਸ ਕਰਕੇ ਕਹਿਨੀ ਆਂ ਕਿ ਗੁਰਸ਼ਰਨ ਸਿੰਘ ਅੱਜ ਲੋਕ ਨਾਇਕ ਇਸ ਕਰਕੇ ਐ ਕਿਉਂਕਿ ਉਹ ਇਨਕਲਾਬੀ ਸੋਚ ਨੂੰ ਲੈ ਕੇ ਚੱਲਿਆ। ਸਾਰਾ ਜੀਵਨ, ਬਿਨਾ ਕੰਪਰੋਮਾਈਜ਼ ਦੇ। ਬਿਨਾ ਛੋਟੀ ਵੱਡੀ ਗੱਲ ਦੇ। ਬਿਨਾ ਲੜਾਈ ਝਗੜੇ ਦੇ, ਬਿਨਾ ਏਹ ਸੋਚੇ ਕਿ ਬਈ ਇਸ ਬੰਦੇ ਨੇ ਕੱਲ੍ਹ ਤਾਂ ਮੈਨੂੰ ਗਾਲ੍ਹਾਂ ਕੱਢੀਆਂ ਸੀ, ਅੱਜ ਮੈਂ ਇਹਦੇ ਇਥੇ ਕਿਵੇਂ ਚਲਾਂ ਜਾਵਾਂ? ਇਹ ਗੱਲਾਂ ਬਿਨਾ ਸੋਚੇ ਅੱਗੇ ਦੇ ਅੱਗੇ ਵਧਦੇ ਗਏ। ਆਪਣੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰਦੇ ਰਹੇ। ਅਖੀਰ ਵਿਚ ਜਦੋਂ ਉਨ੍ਹਾਂ ਕੋਲ ਬਹੁਤ ਹੀ ਲਿਮਟਿਡ ਐਨਰਜੀ ਬਚੀ, ਜਿਸਮਾਨੀ ਜਿਹੜੀ ਤਾਕਤ ਸੀ, ਉਹ ਬੜੀ ਘੱਟ ਹੋ ਗਈ ਸੀ। ਉਨ੍ਹਾਂ ਨੇ ਆਪਣਾ ਫੋਕਸ ਸੀ, ਉਹ ਹੋਰ ਸੀਮਤ ਕਰਕੇ ਕਿਹਾ ਸੀ ਕਿ ਮੇਰਾ ਨਿਸ਼ਾਨਾ ਮੇਰੇ ਵਿਹੜੇ ਵਿਚ ਵਸਦੇ ਲੋਕ ਨੇ। ਤੇ ਮੇਰੀਆਂ ਕੁੜੀਆਂ ਨੇ। ਉਹ ਹਮੇਸ਼ਾ ਇਕ ਪਿਤਾ ਵਾਕੁਣ ਪੰਜਾਬ ਵਿਚ ਵਿਚਰਿਐ। ਉਹ ਘਰ ਵਿਚ ਇਕ ਨਾਟਕਕਾਰ ਵਾਂਗ ਵਿਚਰੇ ਜੋ ਬਾਹਰ ਸੀ ਉਹੀ ਅੰਦਰ ਸੀ। ਅੰਦਰ ਸੀ ਉਹੀ ਬਾਹਰ ਸੀ। ਉਨ੍ਹਾਂ ਨੂੰ ਆਪਣੀਆਂ ਬੇਟੀਆਂ ਦਾ ਜਿਵੇਂ ਉਨ੍ਹਾਂ ਨੂੰ ਜਦੋਂ ਪੰਜਾਬ ਵਿਚ ਲਹਿਰ ਚੱਲੀ ਐ ਮੂਲਵਾਦੀਆਂ ਦੀ ਤਾਂ ਉਨ੍ਹਾਂ ਨੇ ਇਕ ਲੇਖ ਲਿਖਿਆ ਸੀ ਕਿ ਮੈਨੂੰ ਮੂਲਵਾਦੀਆਂ ਤੋਂ ਇਸ ਕਰਕੇ ਨਫ਼ਰਤ ਐ ਕਿ ਜੇ ਉਪਰ ਆ ਗਏ ਤਾਂ ਉਹ ਮੇਰੀਆਂ ਬੇਟੀਆਂ ਤੋਂ ਜੀਣ ਦਾ ਹੱਕ ਖੋਹ ਲੈਣਗੇ। ਸਭ ਤੋਂ ਪਹਿਲਾਂ ਮੇਰੀਆਂ ਬੇਟੀਆਂ ਦੇ ਸਿਰ 'ਤੇ ਪੱਲਾ ਕਰਵਾ ਦੇਣਗੇ ਤੇ ਉਨ੍ਹਾਂ ਨੂੰ ਕਹਿਣਗੇ ਬਈ ਔਰਤ ਇਹ ਨਹੀਂ ਕਰ ਸਕਦੀਆਂ, ਓਹ ਨਹੀਂ ਕਰ ਸਕਦੀਆਂ। ਕਿਉਂਕਿ ਸਾਰੇ ਧਾਰਮਿਕ ਕੱਟੜਵਾਦੀ ਜਿਹੜੇ ਐ, ਉਹ ਔਰਤ ਵਿਰੋਧੀ ਨੇ। ਇਸ ਕਰਕੇ ਅੱਜ ਇਥੇ ਜਦੋਂ ਅਸੀਂ ਖੜ੍ਹੇ ਹੋਏ ਆਂ ਜਦੋਂ ਐਨਾ ਵੱਡਾ ਇਕੱਠ ਐ। ਉਨ੍ਹਾਂ ਨੂੰ ਸ਼ਰਧਾਂਜਲੀ ਐ ਤੇ ਮੈਂ ਇਕ ਗੱਲ ਕਹਿਣਾ ਚਾਂਹਦੀ ਆਂ ਕਿ ਇਸ ਵਕਤ ਪੰਜਾਬ ਦੇ ਸਭਿਆਚਾਰ ਨੂੰ ਸਭ ਤੋਂ ਵੱਡਾ ਖਤਰਾ ਇਸ ਵਕਤ ਐ, ਲੱਚਰ ਜੋ ਗੀਤ ਸੰਗੀਤ ਐ। ਲੱਚਰ ਜੋ ਵਰਤਾਰਾ ਐ, ਖਾਲੀ ਗਾਨੇ ਈ ਲੱਚਰ ਨਹੀਂ ਐ, ਸਾਡੀ ਜਿਹੜੀ ਬੋਲਚਾਲ ਐ, ਸਾਡਾ ਜਿਹੜਾ ਆਮ ਜੀਵਨ ਹੈ ਉਹ ਬਹੁਤ ਹੀ ਉਹਦਾ ਪੱਧਰ ਥੱਲੇ ਡਿੱਗ ਗਿਆ ਹੈ। ਉਹ ਉਨ੍ਹਾਂ ਦਾ ਬੜਾ ਡਾਇਲਾਗ ਹੁੰਦਾ ਸੀ, ਉਹ ਕਹਿੰਦੇ ਹੁੰਦੇ ਸੀ ਕਿ ਪੰਜਾਬੀ ਜਿਥੇ ਜਾਣ ਜਦੋਂ ਢੋਲ ਵੱਜਦਾ ਐ। ਲੋਕਾਂ ਨੂੰ ਨੱਚਣ ਲਾ ਦਿੰਦਾ ਹੈ। ਉਹ ਕਹਿੰਦੇ ਸੀ ਕਿ ਮੈਂ ਚਾਂਹਦਾ ਹਾਂ ਕਿ ਮੇਰੇ ਨਾਟਕ ਲੋਕਾਂ ਨੂੰ ਸੋਚਣ ਲਾ ਦੇਣ ਤੇ ਮੇਰੀ ਸਭ ਨੂੰ ਏਹੀ ਬੇਨਤੀ ਹੈ ਕਿ ਸੋਚਣ ਲੱਗ ਪਈਏ ਕਿ ਸੋਚ ਕੇ ਕਿਸ ਤਰ੍ਹਾਂ ਆਪਣਾ ਜਿਹੜਾ ਹੈ, ਆਪਣੀ ਛੋਟੀ ਜਿਹੀ ਸ਼ਰਧਾਂਜਲੀ ਦੇ ਸਕਦੇ ਆਂ।

ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਯੁਗਾਂ ਤੋਂ ਕਾਫ਼ਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ
ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ

ਜੋ ਲੋਅ ਮੱਥੇ 'ਚੋਂ ਫੁੱਟਦੀ ਹੈ, ਉਹ ਅਸਲੀ ਤਾਜ ਹੁੰਦੀ
ਤਵੀ ਦੇ ਤਖਤ 'ਤੇ ਬਹਿ ਕੇ ਵੀ ਸੱਚੇ ਪਾਤਸ਼ਾਹ ਬਣਦੇ

ਉਦੋਂ ਤੱਕ ਤੂੰ ਹੈਂ ਸਾਡੀ ਹਿੱਕ ਦੇ ਵਿਚ ਮਹਿਫ਼ੂਜ਼ ਮਰ ਕੇ ਵੀ
ਜਦੋਂ ਤੱਕ ਜਿਸਮ ਸਾਡੇ ਹੀ ਨਹੀਂ ਸੜ ਕੇ ਸੁਆਹ ਬਣਦੇ

ਫ਼ਕੀਰਾਂ ਦੇ ਸੁਖ਼ਨ, ਕੁਛ ਯਾਰ, ਕੁਛ ਤਾਰੀਖ਼ ਦੇ ਮੰਜ਼ਰ
ਜਦੋਂ ਮੈਂ ਜ਼ਖ਼ਮ ਖਾ ਲੈਨਾ, ਮੇਰੀ ਖ਼ਾਤਰ ਪਨਾਹ ਬਣਦੇ।

ਇਹ ਪੰਡਿਤ ਰਾਗ ਦੇ ਤਾਂ ਪਿਛੋਂ ਸਦੀਆਂ ਬਾਅਦ ਆਉਂਦੇ ਨੇ
ਮੇਰੇ ਹਉਂਕੇ ਹੀ ਪਹਿਲਾਂ ਤਾਂ ਮੇਰੀ ਵੰਝਲੀ ਦੇ ਸਾਹ ਬਣਦੇ।

ਕਦੀ ਦਰਿਆ ਇਕੱਲਾ ਤੈਅ ਨਹੀਂ ਕਰਦਾ ਦਿਸ਼ਾ ਆਪਣੀ
ਜ਼ਮੀਂ ਦੀ ਢਾਲ਼, ਜਲ ਦਾ ਵੇਗ ਹੀ ਰਲ ਮਿਲ ਕੇ ਰਾਹ ਬਣਦੇ

ਜਦੋਂ ਤੱਕ ਲਫ਼ਜ਼ ਜਿਉਂਦੇ ਨੇ ਸੁਖ਼ਨਵਰ ਜਿਉਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਹਮੇਸ਼ਾ ਲੋਚਿਆਬਣਨਾ ਤੁਹਾਡੇ ਪਿਆਰ ਦੇ ਪਾਤਰ,
ਕਦੀ ਨਾ ਸੋਚਿਆ ਆਪਾਂ ਕਿ ਲਹੂ ਬਣਦੇ ਜਾਂ ਆਹ ਬਣਦੇ।

**- ਸੁਰਜੀਤ ਪਾਤਰ**

- ਅਰੁੰਧਤੀ ਰਾਏ, ਪ੍ਰਸਿੱਧ ਲੇਖਿਕਾ



# ਉਨਹੋਨੇ ਦੁਸ਼ਮਨ ਕੇ ਸਾਥ ਦੋਸਤੀ ਨਹੀਂ ਕੀ ਦੋਸਤ ਕੋ ਦੁਸ਼ਮਨ ਨਹੀਂ ਬਨਾਇਆ



ਲਾਲ ਸਲਾਮ ਕਾਮਰੇਡਜ਼! ਮੈਂ ਆਪ ਕਾ ਜ਼ਿਆਦਾ ਟਾਈਮ ਨਹੀਂ ਲੂੰਗੀ। ਸਿਰਫ਼ ਯਹ ਬਤਾਨੇ ਆਈ ਹੂੰ ਕਿ ਮੈਂ ਇਤਨੀ ਦੂਰ ਸੇ ਕਿਉਂ ਆਈ ?ਗੁਰਸ਼ਰਨ ਸਿੰਘ ਸਰਦਾਰ ਕੋ ਸ਼ਰਧਾਂਜਲੀ ਦੇਨੇ ਕੇ ਲਈਏ।ਇਸੀ ਲੀਏ ਆਈ ਤੂੰ ਕਿਉਂਕਿ ਇਨਹੋ ਨੇ ਹਮੇਂ ਬਹੁਤ ਬਹੁਤ ਅਹਿਮ ਬਾਤੇਂ ਸਿਖਾਈਂ।ਏਕ ਤੋ ਯਹ ਸਿਖਾਇਆ ਕਿ ਕਲਾ ਔਰ ਸਮਾਜ ਕੇ ਬੀਚ ਮੇਂ ਕਯਾ ਰਿਸ਼ਤਾ ਹੋਨਾ ਚਾਹੀਏ।ਲੇਖਕ ਲੋਗ, ਕਲਾਕਾਰ ਲੋਗ ਔਰ ਜਨਤਾ ਕੇ ਬੀਚ ਮੇਂ ਜੋ ਰਿਸ਼ਤਾ ਹੈ ਵੋ ਕਯਾ ਹੋਨਾ ਚਾਹੀਏ।ਉਨਹੋ ਨੇ ਹਮੇਂ ਯਹ ਸਿਖਾਯਾ।ਔਰ ਉਹਨੋ ਨੇ ਮੁਝ ਜੈਸੇ ਲੋਗੋਂ ਕੋ ਏਕ ਰਾਸਤਾ ਦਿਖਾਯਾ।ਵੋ ਰਾਸਤਾ ਯਹ ਹੈ ਕਿ ਆਪ ਅਪਨਾ ਪੁਲੀਟੀਕਲ ਕੁਮਿਟਮੈਂਟ (ਪਤਾ ਨਹੀਂ ਪੰਜਾਬੀ ਮੇਂ ਕਯਾ ਕਹੇਂਗੇ ?) (ਪ੍ਰਤੀਬੱਧਤਾ) ਔਰ ਪੁਲਿਟੀਕਲ ਪ੍ਰਬੱਧਤਾ ਕੇ ਔਰ ਉਨਕੇ ਸਾਥ ਸਾਥ ਏਕ ਸੋਚ ਕਾ ਸਵਤੰਤਰਤਾ ਏਕ ਸੋਚ ਕਾ ਆਜ਼ਾਦੀ ਦੋਨੋਂ ਸਾਥ ਸਾਥ ਕੈਸੇ ਰੱਖ ਸਕਤੇ ਹੈਂ।ਕਿਉਂਕਿ ਬਹੁਤ ਸਾਰੇ ਲੋਗ ਹੈਂ ਜੋ ਏਕ ਸਾਥ ਵੋ ਕਮਿਟਮੈਂਟ ਕਰ ਦੇਤੇ ਹੈਂ ਫਿਰ ਉਨਕਾ ਦਿਮਾਗ ਭੀ ਬੈਗ ਮੇਂ ਡਾਲ ਦੇਤੇ ਹੈਂ। ਵੁਸ ਕੋ ਇਸਤੇਮਾਲ ਨਹੀਂ ਕਰਤੇ। ਲੇਕਿਨ ਸਰਦਾਰ ਗੁਰਸ਼ਰਨ ਜੀ ਨੇ ਯਹ ਆਪਨੀ ਪੂਰੀ ਜ਼ਿੰਦਗੀ ਮੇਂ ਹਮੇਂ ਦਿਖਾਯਾ, ਯਹ ਕਾਮ ਕਰਕੇ ਦਿਖਾਯਾ।ਜਬ ਪੰਜਾਬ ਅੱਸੀ (ਨਾਈਟੀਨ ਏਟੀਜ਼ ਮੈਂ) ਬਹੁਤ ਮੁਸ਼ਕਿਲ ਮੇਂ ਜੀਅ ਰਹੇ ਥੇ, ਆਪ ਸਭ ਕੋ ਮਾਲੂਮ ਹੈ। ਜਬ ਮਿਲੀਟੈਂਸੀ ਜਾਰੀ ਥਾ।(1980 ਦਹਿਸ਼ਤਗਰਦੀ ਦਾ ਦੌਰ) ਤਬ ਉਨਹੋ ਨੇ ਬਿਲਕੁਲ ਨਹੀਂ ਡਰਾ।ਅਪਨੀ ਬਾਤੇਂ ਲੋਗੋਂ ਕੇ ਸਾਮਨੇ ਰੱਖੀਂ।ਜੈਸੇ ਉਨ ਕੀ ਬੇਟੀ ਨੇ ਬਤਾਯਾ, ਐਮਰਜੈਂਸੀ ਕੇ ਟਾਈਮ ਮੇਂ ਉਨਹੋ ਨੇ ਨਹੀਂ ਡਰਾ। ਨਾ ਸਿਰਫ਼ ਦੁਸ਼ਮਨ ਕੇ ਸਾਮਨੇ ਰੱਖਾ। ਲੇਕਿਨ ਆਪਨੇ ਦੋਸਤੋਂ ਕੇ ਸਾਮਨੇ ਭੀ ਰੱਖਾ। ਅਪਨੀ ਬਾਤੋਂ ਕੋ।ਔਰ ਉਨ ਕੀ ਖਾਸੀਅਤ ਯਹ ਥੀ ਕਿ ਦੁਸ਼ਮਨ ਕੇ ਸਾਥ ਉਨਹੋ ਨੇਂ ਦੋਸਤੀ ਨਹੀਂ ਕੀ ਔਰ ਦੋਸਤ ਕੋ ਉਲਏ ਨੇ ਦੁਸ਼ਮਨ ਨਹੀਂ ਬਨਾਇਆ। ਤੋ ਇਸੀ ਲੀਏ ਹਮ ਲੋਗ ਸਭ ਇਕੱਠੇ ਹੋਏ ਹੈਂ ਸ਼ਰਧਾਂਜਲੀ ਕਰਨੇ ਕੇ ਲੀਏ।ਹਮੇਸ਼ਾ ਵੁਨ ਕਾ ਜ਼ਿੰਦਗੀ ਐਸੇ ਬਿਤਾਇਆ ਕਿ ਜਨਤਾ ਕੇ ਪ੍ਰਤੀਰੋਧ ਕਾ ਸਾਥ ਦਿਯਾ ਉਨਹੋ ਨੇ।ਲੇਕਿਨ ਪ੍ਰਤੀਰੋਧ ਕਯਾ ਹੋਤਾ ਹੈ ? ਜਨਤਾ ਕਾ ਪ੍ਰਤੀਰੋਧ ਕਯਾ ਹੋਤਾ ਹੈ ? ਏਕ ਬਹੁਤ ਬੜਾ ਪੱਥਰ ਨਹੀਂ ਹੋਤਾ, ਦੀਵਾਰ ਕੇ ਏਕ ਪੱਕਰ ਸੇ ਨਹੀਂ ਬਨਤਾ ਪ੍ਰਤੀਰੋਧ।ਹਜ਼ਾਰੋ ਛੋਟੇ ਛੋਟੇ ਪੱਥਰ ਸੇ ਪ੍ਰਤੀਰੋਧ ਬਨਤਾ ਹੈ।ਔਰ ਵੋ ਪੱਥਰ ਕੋ ਸੀਮੈਂਟ ਕੇ ਸਾਥ ਜੁੜਨੇ ਕਾ ਕਾਮ ਲੇਖਕ ਔਰ ਕਲਾਕਾਰ ਕਰਤੇ ਹੈਂ।ਔਰ ਯਹ ਕਾਮ ਉਨਹੋ ਨੇ ਅਪਨੀ ਪੂਰੀ ਜ਼ਿੰਦਗੀ ਭਰ ਕੀਯਾ। ਵੋ ਪੱਥਰ ਕਾ ਸੀਮੈਂਟ ਬਨਾ। ਅਲੱਗ ਅਲੱਗ, ਅਲੱਗ ਅਲੱਗ ਅੰਦੋਲਨੋਂ ਕੋ ਸਾਥ ਜੋੜਨਾ।ਯਹ ਸੀਮੈਂਟ ਬਨਾ।ਗੁਰਸ਼ਰਨ ਸਿੰਘ ਸਰਦਾਰ ਗੁਰਸ਼ਰਨ ਸਿੰਘ ਜੀ ਕਾ ਕਾਮ ਉਹ ਸੀਮੈਂਟ ਬਨਨੇ ਕਾ ਥਾ। ਔਰਤ ਅਬ ਜਬ ਵੋਹ ਨਹੀਂ ਰਹਾ ਤੋ ਵੋ ਦੀਵਾਰ ਕੋ ਹਮ ਟੂਟਨੇ ਨਹੀਂ ਦੇਨਾ ਹੈ। (ਤਾੜੀਆਂ) ਆਜ ਪੰਜਾਬ ਸੇ ਲੇ ਕੇ ਕੇਰਲ ਤੱਕ ਛਤੀਸਗੜ੍ਹ, ਝਾਰਖੰਡ, ਉੜੀਸਾ ਮੇਂ ਅਲੱਗ ਅਲੱਗ ਕਿਸਮ ਕੀ ਲੜਾਈ ਹੋ ਰਹਾ ਹੈ।ਗਾ

ਮੇਂ, ਸ਼ਹਿਰ ਮੇਂ, ਜੰਗਲ ਮੇਂ ਬਸਤੀ ਮੇਂ।ਔਰ ਯਹ ਜੋ ਲੋਗ ਹੈਂ, ਜੈਸੇ ਜੰਗਲ ਮੇਂ ਆਦਿਵਾਸੀ ਲੋਗ ਲੜ ਰਹੇ ਹੈਂ।ਮੈਂ ਉਨ ਕੇ ਸਾਥ ਸਮਯਾ ਬਿਤਾ ਕੇ ਆਈ ਹੂੰ।ਉਨ ਕੇ ਗਾਓਂ ਗਾਓਂ ਮੈਂ ਹਜ਼ਾਰ ਹਜ਼ਾਰ ਪੁਲਿਸ ਜਾਤੇ ਹੈਂ।ਔਰ ਗਾਓਂ ਕੋ ਘੇਰ ਕੇ ਜਲਾ ਦੇਤੇ ਹੈਂ।ਔਰਤਾਂ ਕੋ ਬਲਾਤਕਾਰ ਕਰਤੇ ਹੈਂ।ਜੋ ਜੰਗਲ ਕੇ ਗਾਓਂ ਅਲੱਗ ਹੈਂ। ਉੜੀਸਾ ਮੇਂ ਮਾਨ ਲੋ ਬਾਹਰ ਕੇ ਗਾਓਂ ਮੇਂ ਬੜੇ ਬੜੇ ਕੰਪਨੀਉਂ ਕੇ ਖਾਦਾਨ ਬਨਾਨਾ ਚਾਹਤੇ ਹੈਂ।ਊਨ ਕੀ ਜ਼ਮੀਨ ਲੇ ਰਹੇ ਹੈਂ, ਬੜੀ ਕੰਪਨੀਆਂ ਦੋ ਦੇ ਰਹੇ ਹੈਂ। ਵਹਾਂ ਅਲੱਗ ਕਿਸਮ ਕਾ ਲੜਾਈ ਚਲ ਰਹਾ ਹੈ।ਬਹੁਤ ਬੜਾ ਲੜਾਈ ਹੈ।ਜੈਸੇ ਪੰਜਾਬ ਮੇਂ ਆਪ ਲੋਗ ਜਾਨਤੇ ਹੈਂ ਕਿ ਸ਼ਾਇਦ ਬਹੁਤ ਸਾਰੇ ਲੋਗ ਆਪ ਕੇ ਕਿਸਾਨ ਹੈਂ।ਲੇਕਿ ਪੰਜਾਬ ਮੇਂ ਤੀਸ ਪ੍ਰਤੀਸ਼ਤ ਲੋਗ ਦਲਿਤ ਹੈਂ।ਉਨ ਮੇਂ ਸੇ ਨੱਬੇ ਪ੍ਰਤੀਸ਼ਤ ਸੇ ਜ਼ਿਆਦਾ ਲੋਗ ਭੂਮੀਹੀਨ ਹੈਂ। ਉਨ ਕੀ ਜ਼ਰੂਰਤੇਂ ਉਨ ਕੀ ਮਜਬੂਰੀਆਂ ਅਲੱਗ ਹੈ। ਮਹਿਲਾਓ ! ਕਾ ਲੜਾਈ ਅਲੱਗ ਹੈ। ਲੇਕਿਨ ਹਮ ਕੋ ਏਕ ਦੂਸਰੇ ਕੋ ਸਮਝਨਾ ਚਾਹੀਏ।ਅਲਗ ਅਲਗ ਨਹੀਂ ਰਹਿਨਾ ਚਾਹੀਏ।ਗੁਰਸ਼ਰਨ ਜੀ ਕਾ ਕਹਿਨਾ ਥਾ ਕਿ ਸ਼ਾਇਦ ਵਾਮਪੰਥ ਕੇ ਪਕਸ਼ ਠੀਕ ਸੇ ਜਾਤੀ ਕਾ ਸੱਮਿਸਿਆ ਨਹੀਂ ਸਮਝ ਪਾਏ ਹੈਂ।ਮੇਰਾ ਭੀ ਮਾਨਨਾ ਯਹੀ ਹੈ।ਮੇਰਾ ਕਿਤਾਬ ਮੇਂ ਭੀ ਇਸੀ ਕੀ ਜ਼ਿਕਰ ਹੈ। ਕਿਉਂਕਿ ਜਬ ਤੱਕ ਹਮ ਲੋਗ ਜਾਤੀ ਔਰ ਮਹਿਲਾ ਕਾ ਸੱਮਿਸਿਆ ਨਹੀਂ ਸਮਝੇਂਗੇ ਤਬ ਤੱਕ ਹਮਾਰਾ ਸਮਾਜ ਮਜਬੂਤ ਨਹੀਂ ਬਨ ਸਕਤਾ। ਹਮ ਅਪਨੇ ਆਪ ਕੋ ਰੈਵੋਲੂਸ਼ਨਰੀ (ਇਨਕਲਾਬੀ) ਨਹੀਂ ਕਹਿ ਸਕਤੇ।ਜਬ ਤੱਕ ਹਮ ਇਨ ਮੁੱਦੋਂ ਕੋ ਹਮ ਠੀਕ ਸੇ ਨਹੀਂ ਸਮਝ ਪਾਏਂਗੇ। ਆਜ ਏਸ ਦੇਸ਼ ਮੇਂ ਬਹੁਤ ਕਿਸਮ ਕੀਲੜਾਈ ਹੈਂ। ਗਾਂਧੀਅਨ ਲੜਾਈ ਹੈ, ਸੋਸ਼ਲਿਜ਼ਮ ਕੀ ਲੜਾਈ ਹੈ, ਮਿਲੀਟੈਂਟ ਲੜਾਈ ਹੈ।ਲੇਕਿਨ ਹਮ ਕੋ ਸੋਚਨਾ ਚਾਹੀਏ ਕਿ ਕਯਾ ਹੋ ਰਹਾ ਹੈ ਇਸ ਦੇਸ਼ ਮੇਂ।1976 ਮੇਂ ਬਰ ਐਮਰਜੈਂਸੀ ਹੁਆ। ਜਬ ਇੰਦਰਾ ਗਾਂਧੀ ਨੇ ਐਮਰਜੈਂਸੀ ਡਿਕਲੇਟਰ ਕੀਯਾ।ਜਬ ਕਾ ਅੰਦੋਲਨ ਉਠਾ ਥਾ ਤਬ ਕਿਸ ਚੀਜ਼ ਕੇ ਲੀਏ ਲੜ ਰਹੇ ਥੇ ਹਮ ? ਤਬ ਹਮ ਲੋਗ ਲੈਂਡ ਰਿਫਾਰਮ ਕੇ ਲੀਏ ਲੜਰਹੇ ਥੇ।ਤਬ ਹਮ ਲੋਗ ਜ਼ਮੀਨ ਸੁਧਾਰ ਕੇ ਲੀਏ ਲੜ ਰਹੇ ਥੇ।ਤਬ ਹਮ ਲੋਗ ਜ਼ਮੀਨੀ ਸੁਘਾਰ ਕੇ ਲਈਏ, ਤਬ ਹਮ ਲੋਗ ਕਹਿ ਰਹੇ ਥੇ ਕਿ ਯੋ ਭੂਮੀਹੀਨ ਹੈ ਉਨਕੋ ਜ਼ਮੀਨ ਮਿਲਨੀ ਚਾਹੀਏ।ਲੇਕਿਨ ਅਬ ਇਸ ਵਕਤ ਜੈਸੇ ਗੋਬਿੰਦਪੁਰਾ ਮੇਂ ਹੋ ਰਹਾ ਹੈ, ਕਯਾ ਹੋ ਰਹਾ ਹੈ ?ਜਿਸ ਕੇ ਪਾਸ ਥੋੜ੍ਹਾ ਬਹੁਤ ਜ਼ਮੀਨ ਬਚਾ ਹੈ, ਵੋ ਭੀ ਛੀਨ ਰਹੇ ਹੈਂ।ਕੰਪਨੀਓਂ ਕੋ ਦੇ ਰਹੇ ਹੈਂ।ਵੱਡੀ ਕੰਪਨੀਆਂ ਕੋ ਦੇ ਰਹੇ ਹੈਂ।ਤਬ ਹਮਾਰਾ ਅੰਦੋਲਨ ਪਿਛੇ ਰਹਿ ਗਯਾ।ਉਸ ਟਾਈਮ ਹਮ ਭੂਮੀਹੀਨ ਲੋਗੋਂ ਕੋ ਜ਼ਮੀਨ ਦੇਨੇ ਕੇ ਲੀਏ ਲੜ ਰਹੇ ਥੇ।ਅਬ ਹਮ ਲੋਗ ਲੜ ਰਹੇ ਹੈਨਂ ਕਿ ਜਿਸ ਕੇ ਪਾਸ ਜੋ ਕੁਛ ਬਚਾ ਹੈ ਵੋ ਭੀ ਲੈ ਜਾ ਰਹੇ ਹੈਂ ਸਰਕਾਰ, ਕੰਪਨੀ।ਔਰ ਜਿਤਨੇ ਸਾਰੇ ਲੋਗ ਹੈਂ, ਅੱਸੀ ਕਰੋੜ ਸੇ ਜ਼ਿਆਦਾ ਲੋਗ ਹੈਂ ਇਸ ਦੇਸ਼ ਮੇਂ ਜਿਹਨੇ ਬੀਸ ਰੁਪਏ ਸੇ ਕਮ ਏਕ ਦਿਨ ਮੇਂ ਕਮਾਤੇ ਹੈਂ।ਜੋ ਦਲਿਤ ਹੈ, ਜੋ ਸ਼ਹਿਰ ਕੀ ਬਸਤੀ ਮੈਂ ਲੜ ਰਹੇ ਹੈਂ, ਜਿਸ ਕੇ ਪਾਸ ਨਾ ਜ਼ਮੀਨ ਹੈ ਨਾ ਨੌਕਰੀ ਹੈ। ਵੋ ਤੋ ਪੂਰਾ ਨਜ਼ਰ-ਅੰਦਾਜ਼ ਕੀਯਾ ਗਯਾ ਹੈ। ਨਾ ਸਿਰਫ਼ ਸਰਕਾਰ ਬਲਕਿ ਅੰਦੋਲਨ ਭੀ।ਤੋ ਹਮ ਕੋ ਯਹ ਸਬ ਸੋਚ ਕੇ ਏਕ ਨਯਾ ਕਿਸਮ ਕਾ ਅੰਦੋਲਨ ਖੜ੍ਹਾ ਕਰਨੇ ਕੀ ਜ਼ਰੂਰਤ ਹੈ।ਹਮੇਂ ਯਹ ਮਤ ਭੂਲਨਾ ਚਾਹੀਏ ਕਿ ਇਸ ਦੇਸ਼ ਮੇਂ ਸਭ ਸੇ ਗਰੀਬ ਲੋਗ ਸਬ ਸੇ ਗਰੀਬ ਲੋਗ, ਦੁਨੀਆ ਕੇ ਸਬ ਸੇ ਗਰੀਬ ਲੋਗ ਉੜੀਸਾ, ਝਾਰਖੰਡ, ਛਤੀਸਗੜ੍ਹ, ਦੁਨੀਆ ਕੇ ਸਭ ਸੇ ਗਰੀਬ ਲੋਗੋਂ ਕੋ ਨੇ ਬੜੇ ਕੰਪਨੀ ਕੋ ਪਾਂਚ ਛੇ ਸਾਲ ਸੇ ਰੋਕ ਰੱਖਾ ਹੈ। ਯਹ ਬਹੁਤ ਬੜੀ ਬਾਤ ਹੈ।ਔਰ ਯਹ ਹਮਾਰੇ ਦੇਸ਼ ਕੇ ਲੜਨੇ ਵਾਲੇ ਸਾਥੀਓ ਕੋ ਹਮੇਂ ਰੋਜ਼ ਰੋਜ਼ ਸਲਾਮ ਦੇਨਾ ਚਾਹੀਏ।

ਸੋ ਮੈਂ ਲੜਨੇ ਵਾਲੇ ਸਾਥੀਓ ਕੋ ਸਲਾਮ ਦੇਤੀ ਹੂੰ।ਔਰ ਸਰਦਾਰ ਗੁਰਸ਼ਰਨ ਸਿੰਘ ਕੋ ਔਰ ਉਨਕੇ ਕਾਮ ਕੋ ਲਾਲ ਸਲਾਮ।

# ਸ਼ਿੱਬੂ ਸਾਂਸੀ ਦੇ ਦੋ ਡਾਇਲਾਗ : ਅਧੀਨਗੀ ਤੋਂ ਬਗਾਵਤ ਤੱਕ

"ਲੱਗਦੈ, ਆਪਣਾ ਜਜ਼ਮਾਨ.....ਤਿੰਨ ਪੁਸ਼ਤਾਂ ਤੋਂ ਸਾਡੀ ਸਾਂਝ ਏ, ਕੋਈ ਮਖੌਲ ਆ....ਮੇਰਾ ਬਾਪੂ ਲੱਭੂ ਇਹਦੇ ਬਾਪੂ ਨਛੱਤਰ ਸਿੰਘ ਦੀ ਲਾਗ ਕਰਦਾ ਸੀ। ਮੇਰਾ ਦਾਦਾ, ਕੀ ਨਾਂ ਸੀ ਉਹਦਾ ਭੁੱਲ ਗਿਆ....ਇਹਦੇ ਦਾਦੇ ਦਰਸ਼ਨ ਸਿੰਘ ਦੀ ਲਾਗ ਕਰਦਾ ਸੀ....ਸਿਰਦਾਰ ਦਰਸ਼ਨ ਸਿੰਘ ਦਾ ਬਾਪੂ ਫੂਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ ਤੇ ਫੂਲਾ ਸਿੰਘ ਦਾ ਪਿਓ ਗੰਢਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਖਾਸ ਦਰਬਾਰੀ ਸੀ।"



"ਓਏ ਕੰਜਰੋ! ਹੁਣ ਤੁਹਾਡੀ ਉਹ ਕਲਾਣ ਪੜੂੰਗਾ, ਜੀਹਦੇ ਵਿਚ ਤੁਹਾਡੇ ਪੁਰਖਾਂ ਦੀਆਂ ਝੂਠੀਆਂ ਸਿਫ਼ਤਾਂ ਨਹੀਂ ਹੋਣਗੀਆਂ, ਸਗੋਂ ਉਨ੍ਹਾਂ ਦੀਆਂ ਕਰਤੂਤਾਂ ਦੇ ਪਾਜ ਉਘੇੜੂ.....ਪ੍ਰੀਤਮ ਸਿੰਘ ਪੁੱਤਰ ਨਛੱਤਰ ਸਿੰਘ, ਜਿਹੜਾ ਅਫ਼ੀਮ ਦੀ ਸਮੱਗਲਿੰਗ ਕਰਦਾ ਏ.....ਨਛੱਤਰ ਸਿੰਘ ਪੁੱਤਰ ਦਰਸ਼ਨ ਸਿੰਘ ਜਿਸ ਨੇ ਆਪਣੇ ਭਤੀਜੇ ਨੂੰ ਜ਼ਹਿਰ ਦੇ ਕੇ ਆਪਣੇ ਭਰਾ ਦੀ ਜ਼ਮੀਨ ਹਥਿਆ ਲਈ।ਦਰਸ਼ਨ ਸਿੰਘ ਪੁੱਤਰ ਫੂਲਾ ਸਿੰਘ, ਜਿਹੜਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਘੋੜਿਆਂ ਦੀ ਲਿੱਦ ਚੁੱਕਦਾ ਸੀ....ਫੂਲਾ ਸਿੰਘ ਪੁੱਤਰ ਗੰਢਾ ਸਿੰਘ, ਜੋ ਨਾਲ ਦੇ ਪਿੰਡ ਖੱਤਰੀਆਂ ਦੀ ਕੁੜੀ ਕੱਢ ਲਿਆਇਆ ਤੇ ਕੁੜੀ ਦੇ ਭਰਾਵਾਂ ਨੇ ਸ਼ਰੇ-ਬਾਜ਼ਾਰ ਉਹਦਾ ਸਿਰ ਧੜ ਤੋਂ ਵੱਖ ਕਰ ਦਿੱਤਾ।ਇਹ ਜਿਹੜੇ ਵੱਡੇ ਬਣੇ ਫਿਰਦੇ ਨੇ....ਇਕ ਇਕ ਦੀ ਸੱਚੀ ਕਲਾਣ ਬਣਾਵਾਂਗਾ।ਉੱਚੀ ਬੋਲਾਂਗਾ।"

**ਪੰਜਾਬ ਦੀ ਜਦੋਂ ਵੀ ਇਤਿਹਾਸਕਾਰੀ ਕੀਤੀ ਜਾਵੇਗੀ ਤਾਂ ਕੁਝ ਜਗਮਗਾਉਂਦੇ ਸੂਰਜ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਆਪਣੇ ਆਪ ਹੀ ਲੋਕ ਦਰਜ ਕਰ ਲਿਆ ਕਰਨਗੇ ਕਿ ਜਿਨ੍ਹਾਂ ਨੇ ਸਮੇਂ ਦੀਆਂ ਸਥਿਤੀਆਂ ਨਾਲ ਦਸਤਪੰਜਾ ਲੈਂਦੇ ਹੋਏ ਇਕ ਅਜਿਹਾ ਵਿਰੋਧ ਦਾ ਡਾਇਲਾਗ ਵਿਕਸਿਤ ਕੀਤਾ ਜਿਸ ਨੇ ਪੰਜਾਬੀ ਸਮਾਜ ਦੀ ਹਰੇਕ ਪਰਤ ਨੂੰ ਪ੍ਰਭਾਵਤ ਹੀ ਨਹੀਂ ਕੀਤਾ ਬਲਕਿ ਉਸ ਨੂੰ ਧੁਰ ਅੰਦਰੋਂ ਹਲੂਣਿਆ ਵੀ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਖੁਦ ਅਤੇ ਆਲੇ ਦੁਆਲੇ ਨੂੰ ਤਿਆਰ ਕਰਨ ਲਈ ਯੋਗਦਾਨ ਪਾਉਣ ਲਈ ਪ੍ਰੇਰਿਆ ਵੀ। ਇਸ ਪ੍ਰੇਰਣਾ ਪਿਛੇ ਇਕ ਬੜੀ ਵੱਡੀ ਤਾਕਤ ਜਿਸ ਦਾ ਨਾਂ ਗੁਰਸ਼ਰਨ ਭਾਅ ਜੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਉਹ ਰੌਸ਼ਨੀ ਸਦਾ ਮਘਦੀ ਰਹੇਗੀ।**

## ਨਿਸ਼ਾਨੇ ਦੀ ਪੂਰਤੀ ਤੱਕ ਲੜਾਂਗੇ

**- ਗੁਰਮੀਤ, ਦੇਸ਼ ਭਗਤ ਯਾਦਗਾਰ ਹਾਲ**



ਭਾਅ ਜੀ ਗੁਰਸ਼ਰਨ ਦੀ ਯਾਦ ਵਿਚ ਸਾਰੇ ਜੁੜੇ ਮੰਚ 'ਤੇ ਪੰਡਾਲ ਦੇ ਵਿਚ ਉਨ੍ਹਾਂ ਦੇ ਸੰਗਰਾਮੀ ਸਾਥੀਓ, ਮੈਨੂੰ ਮੰਚ ਤੋਂ ਉਨ੍ਹਾਂ ਬਾਰੇ ਤੁਹਾਡੇ ਨਾਲ ਬਹੁਤ ਕੁਝ ਦੱਸਣ ਦੀ ਲੋੜ ਨੀ।ਅਸੀਂ ਜਿੰਨੇ ਵੀ ਐਥੇ ਹਾਜ਼ਰ ਆਂ, ਅਸੀਂ ਉਨ੍ਹਾਂ ਵਲੋਂ ਸ਼ੁਰੂ ਕੀਤੇ ਓਸ ਸੰਗਰਾਮ ਦੇ ਸਿਪਾਹੀ ਆਂ, ਉਨ੍ਹਾਂ ਦੇ ਸਾਥੀ ਆਂ।ਉਨ੍ਹਾਂ ਵਲੋਂ ਸ਼ੁਰੂ ਕੀਤੇ ਸੰਘਰਸ਼ ਦੇ ਵਿਚ, ਲੜਦੇ ਆਏ ਆਂ। ਲੜਦੇ ਰਹਾਂਗੇ। ਉਸ ਨਿਸ਼ਾਨੇ ਦੀ ਪੂਰਤੀ ਤੱਕ ਜਿਨ੍ਹਾਂ ਲਈ ਉਨ੍ਹਾਂ ਨੇ ਸਾਰੀ ਜ਼ਿੰਦਗੀ ਲਾਈ ਐ। ਮੈਂ ਅੱਜ ਤੁਹਾਡੇ ਨਾਲ ਇਹ ਗੱਲ ਇਥੇ ਸਾਂਝੀ ਕਰਨੀ ਐ ਤੇ ਮਾਣ ਮਹਿਸੂਸ ਵੀ ਕਰ ਰਿਹਾ ਹਾਂ ਕਿ ਮੈਂ ਸਪ ਤੋਂ ਪਹਿਲੋਂ ਅੱਜ ਦੇ ਕਰੀਬ 42-43 ਸਾਲ ਪਹਿਲੋਂ ਕਾਲਜ ਪੜ੍ਹਦਿਆਂ ਉਨ੍ਹਾਂ ਦਾ ਇਕ ਨਾਟਕ 'ਜਿੰਨ ਸੱਚ ਪੱਲੇ ਹੋਇ' ਵੇਖਣ ਤੋਂ ਬਾਅਦ ਇਸ ਲਹਿਰ ਦੇ ਨਾਲ ਜੁੜਿਆ।ਅੱਜ ਤੱਕ ਤੁਹਾਡੇ ਵਰਗੇ ਹਜ਼ਾਰਾਂ-ਲੱਖਾਂ ਉਨ੍ਹਾਂ ਲੋਕਾਂ ਦੇ ਨਾਲ ਦਾ ਸਾਥੀ ਆਂ, ਜਿਹੜੇ ਉਨ੍ਹਾਂ ਵਲੋਂ ਸ਼ੁਰੂ ਕੀਤੇ ਸੰਘਰਸ਼ ਨੂੰ ਲੈ ਕੇ ਅੱਜ ਵੀ ਲੜ ਰਹੇ ਨੇ, ਲੋਕਾਂ ਦੀ ਖਾਤਰ।ਇਕ ਖੁਸ਼ਹਾਲ ਸੁਨਹਿਰੇ ਸਮਾਜ ਦੀ ਖਾਤਰ ਲੜ ਰਹੇ ਨੇ।

## ਇਨਕਲਾਬੀ ਰੰਗਮੰਚ ਦਿਵਸ ਬਣੇਗੀ

**- ਕੇਵਲ ਧਾਲੀਵਾਲ, ਪ੍ਰਸਿੱਧ ਨਾਟਕਕਾਰ**



ਸੂਰਮਿਆਂ, ਯੋਧਿਆਂ ਦੀ ਧਰਤੀ 'ਤੇ ਬੈਠੇ ਹੋਏ, ਲੇਖਕਾਂ ਦੀ ਧਰਤੀ 'ਤੇ ਬੈਠੇ ਹੋਏ, ਸਾਡੇ ਬਜ਼ੁਰਗੋ, ਬੱਚਿਓ, ਭੈਣੋ, ਸਾਡੀਆਂ ਮਾਵਾਂ ਬੈਠੀਆਂ ਨੇ, ਦੋਸਤੋ, ਗੁਰਸ਼ਰਨ ਭਾਅ ਜੀ ਜਿਸ ਸੋਚ ਵਾਸਤੇ, ਜਿਸ ਚੰਗੀ ਜ਼ਿੰਦਗੀ ਵਾਸਤੇ, ਜਿਨ੍ਹਾਂ ਨੇ ਸਾਰੀ ਉਮਰ ਸੰਘਰਸ਼ ਕੀਤਾ, ਔਰ ਆਪਣੇ ਨਾਟਕਾਂ ਦੇ ਰਾਹੀਂ ਆਵਾਜ਼ ਬੁਲੰਦ ਕੀਤੀ, ਇਹ ਉਹੀ ਧਰਤੀ ਐ, ਜਿਥੇ ਤਕਰੀਬਨ ਛੇ ਸਾਲ ਪਹਿਲਾਂ ਸਨਮਾਨ ਕਮੇਟੀ ਬਣੀ, ਭਾਅ ਜੀ ਦਾ ਬਹੁਤ ਵੱਡਾ ਸਨਮਾਨ ਹੋਇਆ।ਉਸੇ ਜਗ੍ਹਾ ਦੇ ਉਤੇ ਅੱਜ ਅਸੀਂ ਭਾਅ ਜੀ ਦੀ ਯਾਦ ਵਿਚ, ਇਕੱਠੇ ਹੋਏ ਹਾਂ। ਔਰ ਯਾਦ ਵਿਚ ਇਕੱਠੇ ਹੁੰਦਿਆਂ ਹੋਇਆਂ, ਮੈਨੂੰ ਲੱਗਦੈ ਕਿ ਅਸੀਂ ਉਨ੍ਹਾਂ ਪਲਾਂ ਨੂੰ ਉਨ੍ਹਾਂ ਗੱਲਾਂ ਨੂੰ ਭਾਅ ਜੀ ਦੀ ਉਸ ਸੋਚ ਨੂੰ, ਉਸ ਵਿਚਾਰਧਾਰਾ ਨੂੰ ਚੇਤੇ ਰੱਖੀਏ, ਉਸ ਸੰਗਰਾਮ ਨੂੰ ਚੇਤੇ ਰੱਖੀਏ, ਜਿਸ ਦੀਆਂ ਲੀਹਾਂ ਭਾਅ ਜੀ ਨੇ ਪਾਈਆਂ ਸੀ।ਭਾਅ ਜੀ ਹਮੇਸ਼ਾ ਆਪਣੇ ਨਾਟਕਾਂ ਰਾਹੀਂ ਗੱਲ ਕਰਦੇ ਹੁੰਦੇ ਸੀ ਕਿ ਐ ਮੇਰੀ ਧਰਤੀ ਦੇ ਲੋਕੋ, ਇਹ ਜੋ ਜ਼ਿੰਦਗੀ ਤੁਸੀਂ ਜੀਅ ਰਹੇ ਓ, ਇਹ ਜੀਣ ਦੇ ਕਾਬਲ ਨਹੀਂ ਐ। ਇਸ ਨੂੰ ਅਸੀਂ ਬਦਲਨੈ। ਔਰ ਹਮੇਸ਼ਾ ਭਾਅ ਜੀ ਦੇ ਨਾਟਕਾਂ ਦੇ ਵਿਚ, ਇਕ ਬਹੁਤ ਉਚੀ ਆਵਾਜ਼ ਦੇ ਵਿਚ ਭਾਅ ਜੀ ਜਿਹੜੀ ਗੱਲ ਕਰਦੇ ਸੀ ਕਿ ਇਸ ਧਰਤੀ ਦੇ ਉਤੇ ਜਿੰਨੀ ਦੇਰ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ, ਓਨੀ ਦੇਰ ਤੱਕ ਇਹ ਸੰਘਰਸ਼ ਜਾਰੀ ਰਹੇਗਾ।ਸੋ ਉਸ ਸੰਘਰਸ਼ ਦੀ ਬਾਤ ਪਾਉਣ ਵਾਲਾ ਸੂਰਮਾ, ਲੇਖਕ, ਨਾਟਕਕਾਰ ਔਰ ਸਾਡੇ ਰੰਗਮੰਚ ਦਾ ਪਿਤਾਮਾ, ਜੀਹਦੇ ਸਿਰ ਦੇ ਉੱਤੇ ਅੱਜ ਅਸੀਂ ਜਿੰਦਾ ਹਾਂ।

## ਜਾਨ ਤੋ ਆਨੀ ਜਾਨੀ ਹੈ

**- ਗੁਰਦਿਆਲ ਸਿੰਘ, ਪ੍ਰਸਿੱਧ ਨਾਵਲਿਸਟ**



ਅਜਿਹੇ ਇਨਸਾਨ, 'ਬਣਾਏ' ਨਹੀਂ ਬਣਦੇ, ਉਹ ਪੈਦਾ ਹੁੰਦੇ ਹਨ।......ਤੇ ਇਹੋ ਬੰਦੇ ਹੁੰਦੇ ਨੇ ਜਿਹੜੇ ਸਦੀਆਂ ਦੇ ਸੁੱਤੇ ਪਏ ਸਮਾਜਾਂ ਨੂੰ ਹਲੂਣ ਕੇ ਜਗਾਅ ਜਾਂਦੇ ਨੇ। ਸਦਾ ਤਾਂ ਇਨ੍ਹਾਂ ਰਹਿਣਾ ਨਹੀਂ ਹੁੰਦਾ, ਪਰ ਜੋ ਕੁਝ ਵੀ ਉਹ ਕਰ ਜਾਂਦੇ ਨੇ, ਉਹਨੂੰ ਸਿਥਲ ਹੋਏ ਸਮਾਜ ਵੀ ਭੁਲਾ ਨਹੀਂ ਸਕਦੇ। ਇਹ 'ਕਰਮਯੋਗੀ', ਜੋ ਕਰਨ ਆਉਂਦੇ ਨੇ ਕਰਕੇ ਤੁਰ ਜਾਂਦੇ ਨੇ। ਇਨ੍ਹਾਂ ਦੇ ਵਿਚਾਰ ਤੇ ਕਰਮ ਹੀ ਨਿੱਘਰੇ ਸਮਾਜਾਂ ਨੂੰ, ਬੰਦਿਆਂ ਦਾ ਰਹਿਣ ਜੋਗੇ ਬਣਾਉਣ ਲਈ ਬਿਖੜੇ ਰਾਹਾਂ 'ਤੇ ਤੁਰਨ ਲਈ ਉਤਸ਼ਾਹਤ ਕਰਦੇ ਹਨ। ਸੰਸਾਰ ਅੰਦਰ ਤਬਦੀਲੀਆਂ ਮਹਾਨ ਅਗੰਮੀ ਪੁਰਸ਼ਾਂ, ਵਿਗਿਆਨੀਆਂ, ਚਿੰਤਕਾਂ ਕਾਰਨ ਹੀ ਆਉਂਦੀਆਂ ਰਹੀਆਂ ਹਨ।ਇਹ ਮਨੁੱਖੀ ਸਮਾਜਾਂ ਦੇ ਵਿਕਾਸ ਦਾ ਅਟੱਲ ਨਿਯਮ ਵੀ ਹੈ ਕਿ ਇਹ ਬੰਦੇ ਉਦੋਂ ਪੈਦਾ ਹੁੰਦੇ ਹਨ ਜਦੋਂ ਉਨ੍ਹਾਂ ਦੀ ਸਭ ਤੋਂ ਵੱਧ, ਕਿਸੇ ਸਮਾਜ ਨੂੰ ਲੋੜ ਹੁੰਦੀ ਹੈ।ਗੁਰਸ਼ਰਨ ਭਾਅ ਜੀ ਵੀ ਅਜਿਹੀ ਲੋੜ ਸਮੇਂ ਹੀ ਆਏ ਤੇ ਆਪਣਾ ਫਰਜ਼ ਨਿਭਾ ਕੇ ਚਲੇ ਗਏ।ਇਹੋ ਵੁਨ੍ਹਾਂ ਦੇ ਜੀਵਨ ਦਾ ਮਹੱਤਵ ਤੇ ਮਹਾਨਤਾ ਸੀ।ਉਰਦੂ ਸ਼ਾਇਰ ਫੈਜ਼ ਅਨੁਸਾਰ :

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ
ਵੋਹ ਸ਼ਾਨ ਸਲਾਮਤ ਰਹਿਤੀ ਹੈ
ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਤੋ ਕੋਈ ਬਾਤ ਨਹੀਂ।

## ਅਸੀਂ ਕਿਸੇ ਹੋਰ ਗੁਰਸ਼ਰਨ ਸਿੰਘ ਨੂੰ ਉਡੀਕਦੇ ਹਾਂ

**- ਜਸਪਾਲ ਜੱਸੀ**

ਮੈਨੂੰ ਪੰਜਾਬੀ ਰੰਗਮੰਚ ਦੇ ਕਲਾਕਾਰਾਂ ਦੀ ਪ੍ਰਤਿਭਾ 'ਤੇ ਕੋਈ ਕਿੰਤੂ ਨਹੀਂ ਸੀ, ਪਰ ਇਕ ਫਿਕਰ ਜ਼ਰੂਰ ਸੀ ਕਿ ਗੁਰਸ਼ਰਨ ਸਿੰਘ ਜੇ ਇਸ ਰੰਗਮੰਚ ਦੀ ਮਾਣਮੱਤੀ ਕਲਗੀ ਬਣੇ, ਜੇ ਉਹ ਇਨਕਲਾਬੀ ਲਹਿਰ ਦੇ, ਇਸ ਇਨਕਲਾਬੀ ਰੰਗਮੰਚ ਲਹਿਰ ਦੇ, ਸ਼੍ਰੋਮਣੀ ਉਸਰੱਈਏ ਬਣੇ, ਤਾਂ ਉਹ ਸਿਰਫ਼ ਕਲਾ ਪ੍ਰਤਿਭਾ ਕਰਕੇ ਨਹੀਂ ਬਣੇ। ਇਸ ਕਲਾ ਪ੍ਰਤਿਭਾ ਤੋਂ ਇਲਾਵਾ, ਇਕ ਮਨੁੱਖ ਦੇ ਤੌਰ 'ਤੇ ਅੰਦਰ ਬਲਦੀ ਹੋਈ ਚਿਣਗ ਸੀ, ਇਕ ਨਿਹਚਾ ਸੀ, ਇਸ ਸਮਾਜ ਨੂੰ ਬਦਲ ਦੇਣ ਦੇ ਵਿਚ ਇਕ ਅਡੋਲ ਵਿਸ਼ਵਾਸ ਸੀ, ਜੀਹਨੇ ਕਰਮ ਜੋਗੀਆਂ ਵਾਂਗੂੰ, ਉਨ੍ਹਾਂ ਨੂੰ ਦਰ ਦਰ 'ਤੇ ਜਾਣ ਦੀ, ਲੋਕਾਂ ਦੇ ਦਰਾਂ ਘਰਾਂ ਵਿਚ ਜਾ ਕੇ ਦੀਵੇ ਜਗਾਉਣ ਦੀ ਗੁਰਸ਼ਰਨ ਸਿੰਘ ਨੂੰ ਪ੍ਰੇਰਨਾ ਦਿੱਤੀ।ਔਰ, ਬਹੁਤ ਥਾਵਾਂ 'ਤੇ ਸੱਚ ਕਲਾ ਦੇ ਬਹੁਤ ਨੇੜੇ ਹੁੰਦਾ ਐ, ਝੂਠ ਕਲਾ ਤੋਂ ਬਹੁਤ ਦੂਰ ਹੁੰਦੈ। ਸਿੱਕੇ, ਪੈਸੇ, ਪੂੰਜੀਵਾਦ ਦੀ ਕਲਾ ਨਾਲ ਦੁਸ਼ਮਣੀ ਐ, ਇਹ ਕਲਾ ਤੋਂ ਬਹੁਤ ਦੂਰ ਦੀ ਚੀਜ਼ ਐ।ਇਸ ਕਰਕੇ, ਗੁਰਸ਼ਰਨ ਸਿੰਘ ਨੇ, ਜੇ ਉਚ-ਤਕਨੀਕ ਛੱਡੀ, ਜੇ ਉਹਨੇ ਨਵੇਂ ਸੈੱਟ ਛੱਡੇ, ਜੇ ਉਹਨੇ ਰੌਸ਼ਨੀਆਂ ਛੱਡੀਆਂ, ਜੇ ਉਹਨੇ ਲਾਈਟਾਂ ਛੱਡੀਆਂ, ਤਾਂ ਉਹਦੇ ਪੱਲੇ ਜੋ ਸੱਚ ਸੀ, ਜਿਹੜੀ ਉਹਦੇ ਕੋਲ ਸੱਚ ਦੀ ਉਹ ਗੂੰਜ ਸੀ, ਉਹਨੇ ਉਹਦੀ ਕਲਾ ਦੇ ਰੰਗ ਨੂੰ ਗੂੜ੍ਹਾ ਕੀਤਾ।ਉਹ ਸੱਚ ਉਹਦੀ ਆਵਾਜ਼ ਦੇ ਉਤਰਾਵਾਂ-ਚੜ੍ਹਾਵਾਂ ਰਾਹੀਂ ਬੋਲਿਆ।ਉਹਨੇ ਪੰਜਾਬ ਦੀ ਜੁਆਨੀ ਦੇ ਡੌਲੇ ਫਰਕਣ ਲਾਏ, ਉਹਨੇ ਪੰਜਾਬ ਦੇ ਨੌਜਵਾਨਾਂ ਦੀ ਸੋਚ ਨੂੰ ਹਲੂਣਿਆਂ, ਝੰਜੋੜਿਆ, ਇਹ ਸਾਨੂੰ ਗੁਰਸ਼ਰਨ ਸਿੰਘ ਨੇ ਦੱਸਿਆ। ਸਿਰਫ਼ ਉਹਨੇ ਕਿਰਤੀ ਤੇ ਕਿਸਾਨ ਹੀ ਨਹੀਂ ਜਗਾਏ, ਸਿਰਫ਼ ਉਹਨੇ ਔਰਤਾਂ ਹੀ ਨਹੀਂ ਜਗਾਈਆਂ, ਸਿਰਫ਼ ਵਿਹੜੇ ਹੀ ਨਹੀਂ ਜਗਾਏ।ਉਹਨੇ, ਗੁਰਸ਼ਰਨ ਸਿੰਘ ਨੇ, ਲੋਕਾਂ ਦੇ ਆਗੂਆਂ ਨੂੰ ਜਗਾਇਆ।ਅਸੀਂ ਜਦੋਂ ਲੋਕਾਂ ਵੱਲ ਵੇਖਦੇ ਹਾਂ। ਅਸੀਂ ਕਹਿੰਦੇ ਆਂ, ਕੀ ਇਸ ਧਰਤੀ 'ਤੇ ਕਰਾਂਤੀ ਹੋ ਸਕਦੀ ਐ?ਕੀ ਇਹ ਸਮਾਜ ਬਦਲ ਸਕਦੈ? ਇਹ ਸਮਾਜ ਬਦਲ ਦੇਣ ਦਾ ਯਕੀਨ, ਗੁਰਸ਼ਰਨ ਸਿੰਘ ਨੇ ਸਿਰਫ਼ ਭਾਸ਼ਣਾਂ ਰਾਹੀਂ ਨਹੀਂ ਦਿੱਤਾ, ਅਸੀਂ ਐਵੇਂ ਸੋਚ ਲੈਂਦੇ ਆਂ ਕਿ ਉਹ ਭਾਸ਼ਣ ਜ਼ਿਆਦਾ ਕਰਦੇ ਸੀ।ਇਸ ਸਮਾਜ ਦੀਆਂ, ਦੱਬੀਆਂ ਹੋਈਆਂ ਪਰਤਾਂ ਦੇ ਮਨਾਂ 'ਚ ਕੀ ਉੱਬਲ ਰਿਹੈ, ਇਹ ਸਾਨੂੰ ਮੰਚ 'ਤੇ ਗੁਰਸ਼ਰਨ ਸਿੰਘ ਨੇ ਸਾਕਾਰ ਕਰਕੇ ਦਿਖਾਇਆ।

## ਝੁੱਗੀਆਂ 'ਚੋਂ ਦੀਵੇ ਟਿਮਟਿਮਾਉਂਦੇ ਰਹਿਣਗੇ



**-ਪ੍ਰੋ. ਜਗਮੋਹਨ ਸਿੰਘ, ਭਾਣਜਾ ਭਗਤ ਸਿੰਘ**

...ਅਸੀਂ ਗੁਰਸ਼ਰਨ ਸਿੰਘ ਜੀ ਨੂੰ ਮਿਲਣ ਆਏ ਹਾਂ।..... ਉਨ੍ਹਾਂ ਤੋਂ ਅਸੀਂ ਕੀ ਗੁਰ ਸਿੱਖੀਏ ਤਾਂ ਕਿ ਅਸੀਂ ਉਨ੍ਹਾਂ ਦਾ ਕੰਮ ਪੂਰਾ ਕਰ ਸਕੀਏ।ਰਵਿੰਦਰ ਨਾਥ ਟੈਗੋਰ ਦੀ ਕਹਾਣੀ ਐ, ਕਿ ਸੂਰਜ ਜਦੋਂ ਅਸਤ ਹੋਣ ਲੱਗਾ ਤਾਂ ਉਹਨੂੰ ਇਹ ਫਿਕਰ ਸੀ ਕਿ ਮੇਰੀ ਚਿੰਤਾ ਦਾ ਖੱਪਾ ਕੌਣ ਭਰੇਗਾ? ਤਾਂ ਕਹਿੰਦਾ ਜਦੋਂ ਉਹਨੇ ਹਜ਼ਾਰਾਂ ਝੁੱਗੀਆਂ ਵਿਚ ਛੋਟੇ ਟਿਮਟਿਮਾਉਂਦੇ ਦੀਵੇ ਦੇਖੇ ਤਾਂ ਉਹਨੂੰ ਇਹ ਅਹਿਸਾਸ ਹੋ ਗਿਆ ਕਿ ਮੈਂ ਏਨੀ ਕੁ ਰੌਸ਼ਨੀ ਦੇ ਦਿੱਤੀ ਐ ਕਿ ਮੇਰੀ ਰੌਸ਼ਨੀ ਨੂੰ ਅੱਗੇ ਤੋਰ ਸਕਣਗੇ। ਆਪਾਂ ਸਾਰੇ ਅੱਜ ਉਹ ਰੌਸ਼ਨੀ ਲੈ ਕੇ ਵਾਪਸ ਜਾ ਰਹੇ ਹਾਂ....।

## ਇਤਿਹਾਸ ਦਾ ਇਕ ਵਿਕਲੋਤਰਾ ਸਭਿਆਚਾਰਕ ਵਰਤਾਰਾ

**- ਪ੍ਰੋ. ਅਜਮੇਰ ਸਿੰਘ ਔਲਖ, ਪ੍ਰਸਿੱਧ ਨਾਟਕਕਾਰ**



ਸ੍ਰ. ਗੁਰਸ਼ਰਨ ਸਿੰਘ ਦਾ ਰੰਗਮੰਚ ਜਾਗ੍ਰਤੀ ਜਾਂ ਚੇਤਨਾ ਦਾ ਰੰਗਮੰਚ ਸੀ। ਆਪਣੇ ਰੰਗਮੰਚ ਰਾਹੀਂ ਉਸਨੇ ਪੰਜਾਬੀ ਜਨ ਸਮੂਹ ਵਿਚ ਇਕ ਅਜਿਹੀ ਚੇਤਨਾ ਦਾ ਸੰਚਾਰ ਤੇ ਪਾਸਾਰ ਕੀਤਾ ਜਿਹੜੀ ਮਨੁੱਖ ਨੂੰ ਸਵੈਮਾਨ ਨਾਲ ਜਿਉਣ ਦੀ ਜਾਂਚ ਦਾ ਕ੍ਰਾਂਤੀਕਾਰੀ ਅਹਿਸਾਸ ਕਰਵਾਉਂਦੀ ਹੈ। ਪੰਜਾਬੀ ਦਾ ਨਾਮਵਰ ਨਾਵਲਕਾਰ ਸ੍ਰ. ਗੁਰਦਿਆਲ ਸਿੰਘ ਇਸ ਤੱਥ ਨੂੰ ਸਵੀਕਾਰ ਕਰਦਾ ਹੋਇਆ ਇਸ ਹੱਦ ਤੱਕ ਕਹਿਣ ਦਾ ਜੇਰਾ ਕਰਦਾ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਆਪਣੇ ਨਾਟਕਾਂ ਰਾਹੀਂ ਸ੍ਰ. ਗੁਰਸ਼ਰਨ ਸਿੰਘ ਨੇ ਅਜਿਹੀ ਚੇਤਨਤਾ ਦਾ ਸੰਚਾਰ ਕੀਤਾ ਹੈ ਜਿਹੜਾ ਪੂਰਾ ਪੰਜਾਬੀ ਸਾਹਿਤ ਵੀ ਸ਼ਾਇਦ ਨਾ ਕਰ ਸਕਿਆ ਹੋਵੇ। ਉਨ੍ਹਾਂ ਦੀ ਆਰੰਭ ਕੀਤੀ ਅਗਾਂਹਵਧੂ ਲਹਿਰ ਤੋਂ ਪੰਜਾਬ ਦੀਆਂ ਅਨੇਕਾਂ ਨਾਟਕ ਮੰਡਲੀਆਂ ਨੇ ਪ੍ਰੇਰਨਾ ਲੈ ਕੇ ਲੋਕਾਂ ਦੀਆਂ ਗੰਭੀਰ ਸੱਮਸਿਆਵਾਂ ਬਾਰੇ ਜੋ ਜਾਗਰਤੀ ਪੈਦਾ ਕੀਤੀ ਹੈ, ਉਸ ਦੀ ਮਿਸਾਲ ਸ਼ਾਇਦ ਪੂਰੇ ਦੇਸ਼ ਵਿਚ ਹੀ ਮਿਲਣੀ ਮੁਸ਼ਕਿਲ ਹੈ। ਕਿਰਤ ਦਾ ਮਾਣ, ਕਿਰਤ ਦੀ ਵਡਿਆਈ ਤੇ ਕਿਰਤ ਦੇ ਹੱਕ-ਸੱਚ ਦੀ ਗੱਲ ਸ੍ਰ. ਗੁਰਸ਼ਰਨ ਸਿੰਘ ਦੇ ਰੰਗਮੰਚ ਨੇ ਇਤਨੀ ਦ੍ਰਿੜ੍ਹਤਾ, ਇਤਨੇ ਵਿਸ਼ਵਾਸ ਤੇ ਇਤਨੀ ਸ਼ਕਤੀ ਨਾਲ ਕੀਤੀ ਹੈ ਕਿ ਅੱਜ ਇਹ ਗੱਲਾਂ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਦਾ ਹਿੱਸਾ ਬਣ ਚੁੱਕੀਆਂ ਹਨ।

## ਕਰੂਰ ਸਮਿਆਂ ਦੀ ਖਾਲਸ ਅਵਾਮੀ ਵਾਰਤਕ

**- ਦਲਜੀਤ ਅਮੀ, ਸੀਨੀਅਰ ਪੱਤਰਕਾਰ**



ਬਾਰਾਂ ਸਾਲ ਦੀ ਉਮਰ ਵਿਚ ਆਪਣੇ ਜਮਾਤੀ ਨੂੰ ਸਕੂਲ ਛੱਡ ਕੇ ਝਾੜੂ ਮਾਰਦਿਆਂ ਦੇਖਣਾ ਗੁਰਸ਼ਰਨ ਸਿੰਘ ਲਈ ਬਹੁਤ ਵੱਡਾ ਸਦਮਾ ਸੀ ਜਿਸ ਦਾ ਅਸਰ ਤਾਉਮਰ ਉਨ੍ਹਾਂ ਉਤੇ ਰਿਹਾ।ਆਪਣੇ ਜਮਾਤੀਆਂ ਵਿਚ ਸਭ ਤੋਂ ਖੂਬਸੂਰਤ ਲਿਖਾਈ ਲਿਖਣ ਵਾਲੇ ਸ਼ਿੰਗਾਰੇ ਦੀ ਹਾਲਤ ਦੇਖ ਕੇ ਗੁਰਸ਼ਰਨ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰੇ। ਇਹ

ਅੱਥਰੂ ਸਾਰੀ ਉਮਰ ਉਸੇ ਤਰ੍ਹਾਂ ਵਹਿੰਦੇ ਰਹੇ। ਗੁਰਸ਼ਰਨ ਸਿੰਘ ਜਦੋਂ ਵੀ ਸ਼ਿੰਗਾਰੇ ਦੀ ਗੱਲ ਕਰਦੇ ਸਨ ਤਾਂ ਅੱਥਰੂ ਆਪ ਮੁਹਾਰੇ ਵਹਿ ਤੁਰਦੇ ਸਨ। ਬਿਆਸੀ ਸਾਲ ਦੀ ਸਰਗਰਮ ਅਤੇ ਚੇਤਨ ਜ਼ਿੰਦਗੀ ਜਿਉਣ ਤੋਂ ਬਾਅਦ 27 ਸਤੰਬਰ 2011 ਨੂੰ ਉਨ੍ਹਾਂ ਨੇ ਆਖ਼ਰੀ ਸਾਹ ਲਿਆ।ਆਪਣੇ ਜਮਾਤੀ ਨਾਲ ਕੀਤੇ ਅਣਕਹੇ ਵਾਅਦੇ ਗੁਰਸ਼ਰਨ ਸਿੰਘ ਨੇ ਤਾਉਮਰ ਨਿਭਾਏ ਅਤੇ ਹਰ ਤਰ੍ਹਾਂ ਦੀ ਨਾਇਨਸਾਫ਼ੀ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਇਸ ਲਈ ਨਾਟਕ ਮੰਚ ਬਣਿਆ ਜਿਥੇ ਉਨ੍ਹਾਂ ਨੇ ਗਰਜ਼ਵੀਂ ਆਵਾਜ਼ ਵਿਚ ਲੁੱਟ ਅਤੇ ਨਾਬਰਾਬਰੀ ਦੀ ਹਰ ਵੰਨਗੀ ਨੂੰ ਲਲਕਾਰਿਆ।ਦਲੀਲ ਅਤੇ ਭਾਵਨਾ ਨਾਲ ਲਬਰੇਜ਼ ਆਵਾਜ਼, ਸਾਹਮਣੇ ਜੁੜੀ ਸੰਗਤ ਵਿਚ ਬੇਇੰਤਹਾ ਊਰਜਾ ਭਰਦੀ ਰਹੀ। ਕੋਈ ਬੰਦਾ ਸਾਰੀ ਉਮਰ ਇੰਨੀ ਸ਼ਿੱਦਤ ਅਤੇ ਊਰਜਾ ਕਿਵੇਂ ਕਾਇਮ ਰੱਖ ਸਕਦਾ ਹੈ ?ਗੁਰਸ਼ਰਨ ਸਿੰਘ ਦੀ ਛੋਟੀ ਧੀ ਡਾ. ਅਰੀਤ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਉਤੇ ਕਹਿ ਰਹੀ ਸੀ ਕਿ ਬਿਨਾਂ ਰੋਏ ਕਦੇ ਵੀ ਸ਼ਿੰਗਾਰੇ ਬਾਬਤ ਗੱਲ ਨਹੀਂ ਕਰ ਸਕੇ। ਜੋ ਅੱਥਰੂ 12 ਸਾਲ ਦੀ ਉਮਰ ਵਿਚ ਵਗਣੇ ਸ਼ੁਰੂ ਹੋਏ ਉਹ ਬਿਆਸੀ ਸਾਲ ਦੀ ਉਮਰ ਵਿਚ ਵੀ ਰੁਕਦੇ ਨਹੀਂ ਸਨ। ਉਹ ਆਪਣੇ ਵਿਰੋਧੀਆਂ ਅਤੇ ਲੋੜ ਪੈਣ ਉਤੇ ਆਪਣੇ ਸਾਥੀਆਂ ਦਾ ਵਿਰੋਧ ਕਰਨ ਦਾ ਜੇਰਾ ਸੀ। ਉਹ ਇਨਕਲਾਬੀ ਲਹਿਰਾਂ ਦੀਆਂ ਕਮਜ਼ੋਰੀਆਂ ਬਾਬਤ ਗੱਲਬਾਤ ਕਰਨ ਤੋਂ ਕਦੇ ਨਹੀਂ ਝਿਜਕੇ।ਨਿਧੜਕ ਬੁਲਾਰਾ ਹੋਣ ਦੇ ਨਾਲ ਉਹ ਸੁਹਿਰਦ ਸਰੋਤੇ ਸਨ ਜੋ ਆਪਣੀ ਆਲੋਚਨਾ ਸੁਣ ਸਕਦਾ ਸੀ ਅਤੇ ਇਨਕਲਾਬੀਆਂ ਦੀ ਏਕਤਾ ਚਾਹੁੰਦਾ ਸੀ।ਗੁਰਸ਼ਰਨ ਸਿੰਘ ਸਾਡੇ ਸਮਿਆਂ ਦੀ ਉਹ ਵਾਰਤਕ ਹੈ ਜੋ ਬੇਇਨਸਾਫ਼ੀ, ਨਾਬਰਾਬਰੀ ਅਤੇ ਵਿਤਕਰੇ ਦੇ ਗਲਪ ਨੂੰ ਸਿੱਧਾ ਸਵਾਲ ਕਰਦੀ ਹੈ।ਉਹ ਸੁਹਜ ਭਰਪੂਰ ਅਤੇ ਮਾਣ ਭਰੀ ਜ਼ਿੰਦਗੀ ਦਾ ਆਸ਼ਕ ਸੀ। ਇਸ ਸੁਫ਼ਨੇ ਦੀ ਪੂਰਤੀ ਲਈ ਚਲਦੇ ਉਪਰਾਲੇ ਵਿਚ ਹੀ ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਸੁਹਜ ਨਿਹਤ ਹੈ।ਉਨ੍ਹਾਂ ਦੇ ਪਿਛੋਕੜ ਵਿਚ ਕੀ ਰੀਤ ਕੰਮ ਕਰਦੀ ਸੀ ਅਤੇ ਉਹ ਕਿਹੋ ਜਿਹੀ ਵਿਰਾਸਤ ਛੱਡ ਗਏ ਹਨ ?ਇਹ ਸਵਾਲ ਆਉਂਦੇ ਸਮੇਂ ਵਿਚ ਸਾਡੀ ਦਿਲਚਸਪੀ ਦਾ ਸੱਬਬ ਬਣਦੇ ਰਹਿਣਗੇ।ਇਹ ਤੈਅ ਹੈ ਕਿ ਗੁਰਸ਼ਰਨ ਸਿੰਘ ਨੂੰ ਸ਼ਹੀਦ ਭਗਤ ਸਿੰਘ ਵਾਂਗ ਹੀ ਸੰਘਰਸ਼ਾਂ ਦੇ ਪਿੜ ਵਿਚ ਉਦੋਂ ਤੱਕ ਸਾਦ ਕੀਤਾ ਜਾਵੇਗਾ ਜਦੋਂ ਤੱਕ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਜਾਰੀ ਹੈ। ਕੰਪਿਊਟਰ ਦੀ ਸਿਰਜੀ 'ਵਰਚੁਅਲ ਰਿਐਲਟੀ' ਅਤੇ ਦਰਬਾਨ ਪੱਤਰਕਾਰਾਂ ਦੀ ਉਸਾਰੀ 'ਸਹਿਮਤੀ' ਦੇ ਦੌਰ ਵਿਚ ਗੁਰਸ਼ਰਨ ਸਿੰਘ ਅਵਾਮੀ ਵਾਰਤਕ ਦਾ ਬੇਜੋੜ ਨਮੂਨਾ ਹੈ।ਆਉਣ ਵਾਲੇ ਸਮੇਂ ਵਿਚ ਇਹ ਮੰਨਵਾਉਣਾ ਔਖਾ ਹੋਏਗਾ ਕਿ 'ਅਜਿਹਾ ਮਨੁੱਖ ਵੀ ਹੋਇਆ ਸੀ।'

## ਮਾਰਕਸਵਾਦ ਦੀ ਚਾਨਣੀ ਵਿਚ ਕਲਾ-ਪ੍ਰਤੀਬੱਧਤਾ ਦਾ ਚਸ਼ਮਾ


**-ਦਰਸ਼ਨ ਖਟਕੜ, ਪ੍ਰਸਿੱਧ ਕਵੀ**



1969 ਵਿਚ ਮੈਂ ਵਿਦਿਆਰਥੀ-ਸਰਗਰਮੀਆਂ ਕਾਰਨ ਰੂਪੋਸ਼ ਸਾਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਿਸੇ ਮੀਟਿੰਗ ਲਈ ਗਿਆ ਸਾਂ। ਸ਼ਾਮ ਨੂੰ ਪਤਾ ਲੱਗਿਆ ਕਿ ਉਸ ਰਾਤ ਯੂਨੀਵਰਸਿਟੀ ਦੇ ਆਰਟ ਆਡੋਟੋਰੀਅਮ ਵਿਚ ਗੁਰਸ਼ਰਨ ਸਿੰਘ ਦੀ ਨਿਰਦੇਸ਼ਨਾ ਹੇਠ ਅੰਮ੍ਰਿਤਸਰ ਕਲਾ ਕੇਂਦਰ, ਰੂਸ ਦੇ ਸੰਸਾਰ ਪ੍ਰਸਿੱਧ ਲੇਖਕ ਗੋਰਕੀ ਦਾ ਨਾਟਕ 'ਆਲ੍ਹਣਾ ਤੀਲ੍ਹੋ-ਤੀਲ੍ਹ' ਖੇਡ ਰਿਹਾ ਹੈ। ਮੈਨੂੰ ਯੂਨੀਵਰਸਿਟੀ ਦੇ ਆਪਣੇ ਸਾਥੀਆਂ ਤੋਂ ਹੀ ਪਤਾ ਲੱਗਾ ਕਿ ਗੁਰਸ਼ਰਨ ਸਿੰਘ ਨਾਟਕ ਅਤੇ ਮੰਚ ਮੰਚ ਦੇ ਪਿੜ ਵਿਚ ਇਕ ਗਿਣਨਯੋਗ ਹਸਤੀ ਹੈ। ਪੀ. ਐਸ. ਯੂ. ਦੀ ਸਾਡੀ ਸਾਰੀ ਟੀਮ ਇਹ ਨਾਟਕ ਦੇਖਣ ਲਈ ਆਈ। ਮੇਰੇ ਲਈ ਉਹ ਨਾਟਕ ਕਿਸੇ ਕਲਾ-ਇਲਮ ਨਾਲੋਂ ਘੱਟ ਮਹੱਤਵਪੂਰਨ ਨਹੀਂ ਸੀ।ਗੁਰਸ਼ਰਨ ਸਿੰਘ ਆਪ ਘਰ ਦੇ ਮੁਖੀ ਦਾ ਰੋਲ ਨਿਭਾ ਰਹੇ ਸਨ, ਜਤਿੰਦਰ ਕੌਰ, ਦਲਜੀਤ ਕੌਰ, ਬਾਵਾ ਬੁੱਧ ਸਿੰਘ, ਹਰਭਜਨ ਜੱਬਲ, ਸਾਰੇ ਉਸ ਨਾਟਕ ਵਿਚ ਸ਼ਾਮਲ ਸਨ। ਭਾਅ ਜੀ ਦਾ ਸੁਡੌਲ ਸਰੀਰ, ਖੁੱਲ੍ਹਾ ਤੇ ਦਰਮਿਆਨਾ ਦਾੜ੍ਹਾ, ਕੇਸ ਪਿਛੇ ਵੱਲ ਪਿੱਠ ਤੇ ਖਿਲਾਰੇ ਹੋਏ ਅਤੇ ਮੋਢਿਆਂ ਤੇ ਬੱਧਰੀਆਂ ਵਾਲੀ ਪੈਂਟ ਵਿਚ ਭਾਅ ਜੀ ਸਾਕਾਰ ਰੂਪ ਵਿਚ ਉਸ ਨਾਟਕ ਵਿਚਲਾ ਕਿਰਦਾਰ ਬਣੀ ਬੈਠੇ ਸਨ।ਉਥੋਂ ਹੀ ਪਤਾ ਲੱਗਾ ਕਿ ਇਹ ਅਕਾਦਮਿਕ ਖੇਤਰ ਤੋਂ ਬਾਹਰਲਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਨਾਟਕਕਾਰ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਪ੍ਰਨਾਇਆ ਹੋਇਆ ਨਾਟਕਕਾਰ ਹੈ।

## ਇਨਕਲਾਬੀ ਲਹਿਰ ਦੇ ਸ਼ੇਰੇ-ਪੰਜਾਬ

**-ਅਜਮੇਰ ਸਿੱਧੂ, ਕਹਾਣੀਕਾਰ**



ਮੈਂ ਆਗੂਆਂ ਦੇ ਭਾਸ਼ਣਾਂ ਤੋਂ ਜਲਦੀ ਉਕਤਾ ਗਿਆ। ਮੇਰੀ ਰੂਹ ਭਾਅ ਜੀ ਵਿਚ ਸੀ। ਚੰਡੀਗੜ੍ਹ ਵਾਲੇ ਪਾਸੇ ਪੁਲਿਸ ਹੀ ਪੁਲਿਸ ਸੀ। ਪਰ ਆਗੂਆਂ ਦੀਆਂ ਉਂਗਲੀਆਂ ਚੰਡੀਗੜ੍ਹ ਦੇ ਹਾਕਮਾਂ ਵੱਲ ਸਨ। ਮੈਨੂੰ 22 ਮਾਰਚ 1987 ਦਾ ਦਿਨ ਯਾਦ ਆ ਗਿਆ। ਉਦੋਂ ਮੈਂ ਸਕੂਲ ਦਾ ਵਿਦਿਆਰਥੀ ਸੀ। ਸਾਡੇ ਪਿੰਡਾਂ ਵਿਚ ਕਾਮਰੇਡਾਂ ਦਾ ਬੜਾ ਜ਼ੋਰ ਹੁੰਦਾ ਸੀ।ਆਏ ਦਿਨ ਕੁਝ ਨਾ ਕੁਝ ਕਰਦੇ ਰਹਿੰਦੇ ਸਨ।ਰਾਤਾਂ ਨੂੰ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ ਹੁੰਦੇ।ਜਦੋਂ ਭਾਅ ਜੀ ਦੀ ਟੀਮ ਨਾਟਕ 'ਧਰਕ ਨਗਾਰੇ ਦੀ' ਖੇਡਦੀ ਤਾਂ ਫਿਜ਼ਾ ਵਿਚ ਦੁੱਲੇ ਦੇ ਬੋਲ ਗੂੰਜਦੇ।

"ਮੈਂ ਢਾਹਵਾਂ ਦਿੱਲੀ ਦੇ ਕਿੰਗਰੇ।.....'

ਜਗਮੋਹਨ ਜੋਸ਼ੀ ਦੇ ਗੀਤ 'ਹਰ ਦਿਲ ਮੇਂ ਬਗਾਵਤ ਕੇ ਸ਼ੋਅਲੇ ਕੋ ਜਗਾ ਦੇਂਗੇ ਹਮ ਜੰਗੇ ਅਵਾਮੀ ਹੈਂ ਕੁਹਰਾਮ ਮਚਾ ਦੇਂਗੇ' ਦਾ ਐਕਸ਼ਨ ਸੌਂਗ ਦਾ ਕਮਾਲ ਤਾਂ ਭਾਅ ਜੀ ਹੀ ਕਰ ਸਕਦੇ ਹਨ। ਲੋਕਾਂ ਦਾ ਖ਼ੂਨ ਉਬਾਲੇ ਖਾਣ ਲੱਗਦਾ।ਉਹ ਕੁਝ ਕਰਨਾ ਲੋਚਦੇ ਤੇ ਜੋਸ਼ ਵਿਚ ਹੱਥਾਂ ਦੇ ਮੁੱਕੇ ਬਣਾ ਲੈਂਦੇ। ਉਦੋਂ ਸਾਨੂੰ ਨਿਆਣਿਆਂ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ। ਸਾਨੂੰ ਤਾਂ ਸਿਰਫ਼ ਨਾਟਕ ਦੇਖਣ ਦਾ 'ਭੁੱਸ' ਸੀ। ਇਸ ਭੁੱਸ ਦੇ ਪੱਟਿਓਂ ਹੀਅਸੀਂ 4-5 ਜਣੇ 22 ਮਾਰਚ 1987 ਨੂੰ ਖਟਕੜ ਕਲਾਂ ਚਲੇ ਗਏ। ਖ਼ਬਰ ਇਹ ਸੀ ਕਿ ਭਾਅ ਜੀ ਗੁਰਸ਼ਰਨ ਸਿੰਘ ਹੁਰੀਂ ਉਥੇ ਦਿਨੇ ਵੀ ਤੇ ਰਾਤ ਨੂੰ ਵੀ ਨਾਟਕ ਖੇਡਣਗੇ।


ਕਿਤਾਬ 'ਕਾਰਲ ਮਾਰਕਸ ਤੇ ਉਹਦਾ ਮਾਰਕਸਵਾਦ' 'ਚੋਂ

- ਪ੍ਰੋ. ਰਣਧੀਰ ਸਿੰਘ

# ਅਜੋਕੇ ਸਮਿਆਂ 'ਚ ਮਾਰਕਸਵਾਦ ਦੀ ਸਾਰਥਿਕਤਾ

ਇਹ ਤਥ ਹੁਣ ਵਿਸ਼ਵ-ਵਿਆਪੀ ਤੌਰ 'ਤੇ ਪਰਵਾਨਿਤ ਹੈ ਕਿ ਦੁਨੀਆ ਗਹਿਰੇ ਸੰਕਟ ਵਿਚ ਫਸੀ ਹੋਈ ਹੈ ਤੇ ਇਸ ਗਲ ਦਾ ਵੀ ਕੋਈ ਪੱਕਾ ਭਰੋਸਾ ਨਹੀਂ ਕਿ ਅਖੀਰ ਵਿਚ ਵਰਤਮਾਨ ਸੰਕਟ ਵਿਚੋਂ ਉਭਰ ਕੇ ਬਾਹਿਰ ਆ ਹੀ ਜਾਏਗੀ। ਚੰਗੇ ਭਾਗੀ ਮਾਰਕਸਵਾਦੀ ਸੰਸਾਰ ਦੀ ਅਜੋਕੀ ਅਸਲੀਅਤ ਤੇ ਇਸ ਬਾਰੇ ਕੁਝ ਚਾਰਾਜੋਈ ਕਰਨ ਦਾ ਸੁਨੇਹਾ ਦੇਣ ਵਾਲੇ ਇਕਲੇ ਹੀ ਨਹੀਂ। ਪਰ ਜੇ ਇਸ ਚੁਣੌਤੀ ਨੂੰ ਇਸਦੀਆਂ ਖਿੰਡੀਆਂ-ਪੁੰਡੀਆਂ ਸਮੱਸਿਆਵਾਂ ਲਈ ਇੱਕਾ-ਦੁੱਕਾ ਹੱਲ ਲੱਭਣ ਨਾਲੋਂ ਕਿਸੇ ਵਧੇਰੇ ਗਹਿਰ-ਗੰਭੀਰ ਦ੍ਰਿਸ਼ਟੀ ਤੋਂ ਵਾਚਕੇ ਅਜੇਹਾ ਕਾਰਜ-ਕ੍ਰਮ ਉਲੀਕਣਾ ਹੋਵੇ ਪ੍ਰੇਰਨਾਦਾਇਕ ਹੋਵੇ ਤੇ ਵਿਵਹਾਰਕ ਵੀ ਅਤੇ ਇਸ ਸਭ ਕੁਝ ਦਾ ਅਜੇਹਾ ਸਮਾਤਾਮੂਲਕ ਵਿਸ਼ਲੇਸ਼ਣ ਕਰਨਾ ਹੋਵੇ ਜੋ ਇਸ ਦੀਆਂ ਤਕਲੀਫਾਂ ਦੀ ਸ਼ਨਾਖਤ ਤੇ ਰਾਹ ਵਿਚ ਆਉਣ ਵਾਲੇ ਪਦਾਰਥਕ-ਵਾਤਾਵਰਣਕ ਤੇ ਸਮਾਜ-ਪ੍ਰਬੰਧਕ ਅੜਿਕਿਆਂ ਦੀ ਜੜ੍ਹਾਂ ਤੀਕ ਜਾ ਸਕੇ ਅਤੇ ਇਨ੍ਹਾਂ ਉਪਰ ਕਾਬੂ ਪਾ ਕੇ ਇਨ੍ਹਾਂ ਦੇ ਸਚ ਮੁਚ ਹੀ ਪ੍ਰਭਾਵਸ਼ਾਲੀ ਤੇ ਪਾਇਦਾਰ ਹੱਲ ਲੱਭਣੇ ਹੋਣ ਤਾਂ ਇਸ ਗਲ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ ਕਿ ਇਹ ਕੰਮ ਮਾਰਕਸਵਾਦ ਵਲ ਮੋੜਾ ਕੱਟਨ ਤੋਂ ਵਗੈਰ ਨੇਪਰੇ ਚਾੜਿਆ ਜਾ ਸਕੇ ਘੱਟ ਤੋਂ ਘੱਟ ਮਾਰਕਸਵਾਦੀ ਪਰੰਪਰਾ ਹੀ ਪ੍ਰਮੁੱਖ ਭੂਮਿਕਾ ਨੂੰ ਸਵੀਕਾਰ ਕਰਨਾ ਹੀ ਪੈਣਾ ਹੈ। ਇਹ ਠੀਕ ਹੈ ਕਿ ਇਹ ਮਾਰਕਸਵਾਦ ਨ ਤਾਂ ਪੁਰਾਣਾ 'ਸਰਕਾਰੀ' ਮਾਰਕਸਵਾਦ ਹੋਵੇਗਾ ਤੇ ਨਾ ਹੀ ਹੁਣ' ਪ੍ਰਚਲਿਤ ਹੋਇਆ "ਉਤਰ-ਮਾਰਕਸਵਾਦ"। ਇਹ ਪ੍ਰਮਾਣੀਕ ਮਾਰਕਸਵਾਦ ਹੋਵੇਗਾ ਜੋ ਆਪਣੀਆਂ ਸੀਮਾਵਾਂ ਤੋਂ ਸੁਚੇਤ ਹੋਣ ਕਰਕੇ ਆਪਣੀ ਕਲਾਸੀਕੀ ਪਰੰਪਰਾ ਅਨੁਸਾਰ ਜੋ ਵਿਚਾਰ ਤੇ ਅਮਲ ਦੀਆਂ ਹੋਰ ਆਲੋਚਨਾਤਮਕ ਤੇ ਉਦਮੀ ਧਾਰਵਾਂ ਵਲ ਖੁਲ ਦਿਲੀ ਵਾਲਾ ਰਵੱਈਆ ਅਪਣਾਏਗਾ ਅਤੇ ਆਪਣੀਆਂ ਅਪੂਰਣਤਾਵਾਂ ਤੋਂ ਸੁਚੇਤ ਹੁੰਦਾ ਹੋਇਆ, ਆਪਣੀ ਉਸੇ ਕਲਾਸੀਕੀ ਰਵਾਇਤ ਅਨੁਸਾਰ ਆਪਣੇ ਬੁਨਿਆਦੀ ਅਸੂਲ ਨਾਲ ਪੱਕੇ-ਪੀਢੇ ਤੌਰ 'ਤੇ ਪ੍ਰਤੀਬੱਧ ਹੋਵੇਗਾ। ਇਸ ਵਿਚ ਆਪਣੀਆਂ ਹਾਰਾਂ, ਵਿਸ਼ੇਸ਼ ਕਰ ਆਪਣੇ ਆਪਨੂੰ ਮਾਰਕਸਵਾਦ ਕਹਾਉਂਦੀਆਂ ਹਾਲ ਹੀ ਦੌਰਾਨ ਢਹਿ ਢੇਰੀ ਹੋਈਆਂ ਹਕੂਮਤਾਂ ਦੀਆਂ ਹਾਰਾਂ ਨੂੰ ਪਚਾ ਕੇ ਇਨ੍ਹਾਂ ਤੋਂ ਪਾਰ ਜਾ ਸਕਣ ਦੀ ਸਮ੍ਰਥਾ ਵੀ ਹੋਵੇਗੀ।

ਮਾਰਕਸਵਾਦ ਦੇ ਵਰਤਮਾਨ ਪਲਟੇ ਜਾਂ ਵਾਪਿਸੀ ਦਾ ਕਾਰਨ ਇਸ ਦਾ ਸਿਧਾਂਤਕ ਖੰਡਨ ਨਹੀਂ, ਸਗੋਂ ਸਭ ਤੋਂ ਵਧੇਰੇ ਬੁਨਿਆਦੀ ਕਾਰਨ ਇਸ ਦੀ ਸਿਆਸੀ ਹਾਰ ਹੈ। ਮਾਰਕਸਵਾਦ ਦਾ ਸਿਧਾਂਤਕ ਖੰਡਨ, ਸੱਚ ਮੁਚ ਹੀ ਕੀਤਾ ਗਿਆ ਨਹੀਂ ਮਿਲਦਾ। ਅਲੋਚਕ ਕੇਵਲਾ ਪੇਤਲੇ ਜੇਹੇ, ਗੰਵਾਰੂ ਜਾਂ ਸੁਸਤਾਲ ਵਜੂਦ ਮਾਰਕਸਵਾਦ ਨੂੰ ਢਾਹ-ਢੇਰੀ ਕਰਕੇ ਹੀ ਆਨਦਿਤ ਹੁੰਦੇ ਰਹੇ ਹਨ। ਪ੍ਰਮਾਣੀਕ ਮਾਰਕਸਵਾਦੀ ਪਰੰਪਰਾ ਪਹਿਲਾਂ ਵਾਂਗ ਹੀ ਸਜਿੰਦ ਤੇ ਪ੍ਰਸੰਗਕ ਤੌਰ ਤੇ ਕਾਇਮ ਹੈ। ਦ੍ਵੰਦਵਾਦੀ ਪਦਾਰਥਵਾਦੀ ਪੈਂਤੜਾ ਹਾਲੀ ਵੀ ਸੰਸਾਰ ਤੇ ਇਸ ਵਿਚ ਆਪਣੇ ਸਥਾਨ



ਕੋਈ ਵਚਨ ਹੀ ਦਿੰਦਾ ਹੈ ਕਿਉਂਕਿ ਇਹ ਤਾਂ ਅੰਤ ਵਿਚ ਪ੍ਰਭਾਵਸ਼ਾਲੀ ਮਨੁਖੀ ਮੁਦਾਖਲਤ ਨੇ ਹੀ ਇਸ ਦਾ ਨਿਬੇੜਾ ਕਰਨਾ ਹੈ। ਮਾਰਕਸਵਾਦ ਦੇ ਖਾਤਮੇ ਦੀ ਗੱਲ ਤਾਂ ਭੌਂਦੂਆਂ ਦੇ ਸੁਪਨੇ ਤੇ ਆਪਣੇ ਸਮਿਆਂ ਦੇ ਬੌਧਿਕ ਤੇ ਰਾਜਨੀਤਕ ਇਤਿਹਾਸ ਤੋਂ ਨਿਰਮੋਹੇ ਅਗਿਆਨ ਦਾ ਪ੍ਰਮਾਣ ਦੇਣ ਵਾਲੀ ਗਲ ਹੈ। ਨੌਰਮਨ ਗੇਰਾਸ ਨੇ ਇਸ ਨੂੰ ਇਉਂ ਬਿਆਨ ਕੀਤਾ ਹੈ :

ਇਸ ਦਾ ਬਤੌਰ ਬੌਧਿਕ ਰਵਾਇਤ ਮੁਲੰਕਣ, ਇਸ ਦੇ ਵਿਆਪਕ ਪਸਾਰ, ਗਹਿਰਾਈ ਤੇ ਅਮੀਰੀ ਦਾ ਅਜੇਹਾ ਪ੍ਰਮਾਣ ਹੈ ਕਿ ਇਸ ਦੇ ਖਾਤਮੇ ਦੀ ਗਲ ਤਾਂ ਮਹਿਜ਼ ਹਾਸੋ ਹੀਣੀ ਹੀ ਹੋ ਕੇ ਰਹਿ ਜਾਂਦੀ ਹੈ। ਇਸ ਤੋਂ ਘਟ ਕਿਤਈ ਨਹੀਂ। ਹੋਰ ਕਿਸੇ ਬੌਧਿਕ ਪਰੰਪਰਾ ਦੀ ਪ੍ਰਾਪਤੀ ਇਸ ਦੇ ਟਾਕਰੇ ਬੜੀ ਨਿਗੂਣੀ ਜੇਹੀ ਵੀ ਹੁੰਦੀ ਤਾਂ ਵੀ ਉਸ ਬਾਰੇ ਇਹੋ ਜਿਹਾ ਸੁਆਲ ਪੇਸ਼ ਵੀ ਨਹੀਂ ਸੀ ਕੀਤਾ ਜਾਣਾ। ਇਤਿਹਾਸਕ ਪਦਾਰਥਵਾਦ ਦੇ ਰੂਪ ਵਿਚ, ਮਾਰਕਸਵਾਦ ਇਤਿਹਾਸ ਦੀ ਸਮਝ ਲਈ ਇਕ ਉਪਜਾਊ ਵਿਸ਼ਲੇਸ਼ਣਾਤਮਕ ਵਸੀਲਾ ਪ੍ਰਦਾਨ ਕਰਦਾ ਹੈ। ਇਸ ਨੇ ਸਰਮਾਏਦਾਰੀ ਦੀਆਂ ਬੁਰਾਈਆਂ ਦੀ ਸ਼ਕਤੀਸ਼ਾਲੀ ਆਲੋਚਨਾ ਪੇਸ਼ ਕੀਤੀ ਹੈ ਅਤੇ ਇਸ ਨੇ ਇਨ੍ਹਾਂ ਨੂੰ ਚੁਣੌਤੀ ਦੇ ਕੇ ਇਨ੍ਹਾਂ ਉਪਰ ਕਾਬੂ ਪਾਉਣ ਲਈ ਲੋੜੀਂਦੀਆਂ ਸ਼ਕਤੀਆਂ ਜੁਟਾਉਣ ਦਾ ਟੀਚਾ ਸਾਹਮਣੇ ਰੱਖਿਆ ਹੈ। ਗੰਭੀਰ ਚਿੰਤਕਾਂ, ਲੇਖਕਾਂ ਤੇ ਕਲਾਕਾਰਾਂ ਦੀ ਵਿਸ਼ਾਲ ਸੈਨਾ ਦੇ ਰੂਪ ਵਿਚ ਇਸ ਨੇ ਸਦੀ ਦੀ ਸਮੁਚੀ ਸਭਿਆਚਾਰਕ ਵਿਰਾਸਤ ਵਿਚ ਜੋ ਮਹਾਨ ਯੋਗਦਾਨ ਪਾਇਆ ਹੈ, ਉਸ ਦੀ ਤਾਂ ਗੱਲ ਹੀ ਵਖਰੀ ਹੈ। ਇਸ ਦੇ ਖਾਤਮੇ ਦਾ ਜ਼ਸ਼ਨ ਵਧ ਤੋਂ ਵਧ ਸ਼ੇਖਚਿਲੀਪੁਣਾ ਤੇ ਜਾਂ ਫਿਰ ਬੌਧਿਕ ਅਸਹਿਣਸ਼ੀਲਤਾ ਦਾ ਨਿਖਿਧੱਤਮ ਰੂਪ ਹੀ ਆਖਿਆ ਜਾ ਸਕਦਾ ਹੈ।

ਇਕ ਬੌਧਿਕ ਪਰੰਪਰਾ ਦੇ ਤੌਰ ਤੇ ਗੇਰਾਸ ਦੇ ਮਾਰਕਸਵਾਦ ਬਾਰੇ ਪੇਸ਼ ਕੀਤੇ ਕਥਨ ਵਿਚ ਇਕ ਅਜੇਹਾ ਮਹਤਵਪੂਰਣ ਨੁਕਤਾ ਹੈ, ਜੋ ਮੈਂ ਮਾਰਕਸਵਾਦ ਬਾਰੇ ਆਪਣੀ ਵਰਤਮਾਨ ਚਰਚਾ ਦੇ ਨਿਚੋੜ ਵੇਲੇ ਇਕ ਵਾਰ ਫੇਰ ਦੁਹਰਾਉਣਯੋਗ ਸਮਝਦਾ ਹਾਂ-ਇਕ ਅਜੇਹਾ ਨੁਕਤਾ ਜੋ ਇਸ

ਗਲ ਦਾ ਵਿਸ਼ੇਸ਼ ਕਾਰਣ ਹੈ ਕਿ ਮਾਰਕਸਵਾਦ ਕਿਉਂ ਹਾਲੇ ਵੀ ਪ੍ਰਸੰਗਕ ਹੈ ਤੇ ਇਸ ਨੂੰ ਆਪਣੀ ਪਾਇਦਾਰ ਬਰਕਰਾਰੀ ਬਾਰੇ ਡਰਨ ਦੀ ਕੋਈ ਲੋੜ ਨਹੀਂ। ਮਾਰਕਸ ਦੀ ਸਰਮਾਏਦਾਰੀ ਦੀ ਆਲੋਚਨਾ ਦੇ ਇਤਿਹਾਸਕ ਤੇ ਸਿਧਾਂਤਕ ਆਧਾਰ ਦੇ ਤੌਰ 'ਤੇ ਇਤਿਹਾਸਕ ਪਦਾਰਥਵਾਦ, ਕਲਾਸੀਕੀ ਮਾਰਕਸਵਾਦ ਦਾ ਸਿਧਾਂਤਕ ਤੇ ਸਿਆਸੀ ਤੌਰ ਤੇ ਮੁਕਤੀ ਦਾ ਅਕਾਂਖਿਆਸ਼ੀਲ ਟੀਚੇ ਦਾ ਚੌਖਟਾ ਵੀ ਪ੍ਰਦਾਨ ਕਰਦਾ ਹੈ ਮਨੁਖਤਾ ਦੇ ਸਾਮਵਾਦੀ ਭਵਿੱਖ ਲਈ ਸਮਾਜਵਾਦੀ ਸੰਕ੍ਰਾਂਤੀ। ਆਪਣੇ ਸਰਮਾਏਦਾਰ ਵਿਰੋਧੀ ਰੁਖ ਵਿਚ, ਮਾਰਕਸਵਾਦ ਮਨੁਖੀ ਮੁਕਤੀ ਦਾ ਆਲੋਚਨਾਤਮਿਕ ਵਿਗਿਆਨ ਹੈ। ਹਾਂ, ਜੇ ਤੁਸੀਂ ਸਾਡੇ ਸਮਿਆਂ ਦੀ ਮਨੁੱਖੀ ਬੰਦ ਖਲਾਸੀ ਦੀ ਸੇਵਾ ਵਿਚ ਜੁਟੇ ਮਹਾਂ-ਬ੍ਰਿਤਾਂਤ ਨੂੰ ਪਸੰਦ ਕਰਦੇ ਹੋਵੋ। ਸਿਧਾਂਤ ਤੇ ਪ੍ਰਮਾਣੀਕ ਅਭਿਆਸ ਦੇ ਤੌਰ ਤੇ ਮਾਰਕਸਵਾਦ, ਜਿਸ ਨੇ ਆਪਣੇ ਆਪ ਨੂੰ ਸੰਸਾਰ ਭਰ ਦੀਆਂ ਇਨਕਲਾਬੀ ਲੋਕ-ਲਹਿਰਾਂ ਨਾਲ ਸੰਜੋਇਆ ਹੈ, ਮਾਰਕਸਵਾਦ ਦੇ ਅੰਤਰਗਤ, ਦੋ ਤੱਤ ਕੇਂਦਰੀ ਮਹੱਤਤਾ ਦਾ ਧਾਰਨੀ ਹਨ : ਵਰਤਮਾਨ ਸਮਾਜਾਂ, ਜਿਥੇ ਲੁਟ-ਖਸੁਟ ਤੇ ਨਾ-ਬਰਾਬਰੀ ਹਾਲੇ ਵੀ ਕਾਇਮ ਹਨ ਨੂੰ ਆਲੋਚਨਾਤਮਕ ਤੌਰ 'ਤੇ ਸਮਝਣ ਦਾ ਨਿਸ਼ਾਨਾ, ਅਤੇ ਲੁਟ-ਖਸੁਟ-ਰਹਿਤ, ਸੁਤੰਤਰਤਾ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਮੌਜੂਦਾ ਬੇ-ਤਰਤੀਬੀ ਦੀ ਆਲੋਚਨਾ ਤੋਂ ਅੱਗੇ ਜਾਣ ਦਾ ਮੁਕੰਮਲ ਇਰਾਦਾ। ਇਸ ਕਰਕੇ ਮਾਰਕਸਵਾਦ ਦੁਆਰਾ ਸਰਮਾਏਦਾਰੀ ਨੂੰ ਰੱਦ ਕਰਨ ਸਮਾਜਵਾਦ ਵਿਚ ਇਸ ਦੇ ਨਿਖੇਧ ਦੀ ਦਲੀਲ ਦੇਂਦਿਆ, ਸਰਮਾਏਦਾਰੀ ਦੀ ਥਾਂ ਵਧੇਰੇ ਤਰਕਸੰਗਤ ਤੇ ਮਾਨਵੀ ਸਮਾਜ ਸਿਰਜਣ ਦਾ ਹੋਕਾ ਦਿਤਾ ਗਿਆ ਹੈ। ਸਰਮਾਏਦਾਰੀ ਦੀ ਥਾਂ-ਪਲਟੀ ਦੀ ਲੋੜ ਦੀ ਸ਼ਿਦਤ ਵਿਚ ਹਾਲੇ ਵੀ ਕੋਈ ਕਮੀ ਨਹੀਂ ਹੋਈ। ਜੇ ਹੋਰ ਕਿਸੇ ਗੱਲ ਕਰਕੇ ਨਹੀਂ ਵੀ ਤਾਂ ਸਿਰਫ ਇਸੇ ਕਰਕੇ ਹੀ ਇਸ ਹੋਕੇ ਦੀ ਸਿਧਾਂਤਕ ਬੁਨਿਆਦ ਤੇ ਇਸ ਦਾ ਹੁੰਘਾਰਾ ਭਰਨ ਦੀ ਲੋੜ ਪਹਿਲੇ ਵਾਂਗ ਹੀ ਪ੍ਰਸੰਗਕ ਤੇ ਲੋੜੀਂਦੀ ਹੈ।

ਇਸ ਹੋਕੇ ਨੂੰ ਮਿਲਿਆ ਪਹਿਲਾ ਇਤਿਹਾਸਕ ਤੌਰ ਤੇ ਪ੍ਰਭਾਵਸ਼ਾਲੀ ਹੁੰਗਾਰਾ ਅਰਥਾਤ ਸੋਵੀਅਤ ਦੇਸ਼ ਵਿਚ ਸਮਾਜਵਾਦ ਦੀ ਉਸਾਰੀ ਦਾ ਯਤਨ, ਬਿਨਾ ਸ਼ੱਕ, ਅਸਫਲ ਹੋਇਆ ਹੈ। ਸਮਾਜਵਾਦੀ ਲੋਕ ਲੰਮੇ ਸਮੇਂ ਲਈ ਇਸ ਅਫਸਲਤਾ ਬਾਰੇ ਬਹਿਸਾਂ ਕਰਦੇ ਰਹਿਣਗੇ ਤੇ ਇਸ ਤਰ੍ਹਾਂ ਦੀਆਂ ਦਲੀਲਾਂ ਦੇਣ ਤਕ ਜਾਣਗੇ ਕਿ ਇਹ ਬਹੁਤ ਵੱਡੀ ਸੱਟ ਸੀ ਜਾਂ ਕਿਸੇ ਕਜੀਏ ਦਾ ਹੀ ਮੁਕ ਜਾਣਾ ਸੀ। ਉਨ੍ਹਾਂ ਨੂੰ ਇਸ ਸਿਆਸੀ ਹਾਰ ਤਜਰਬੇ ਨੂੰ ਹਜ਼ਮ ਕਰਨ ਲਈ ਨਾ-ਕਾਮਯਾਬੀ ਨੂੰ ਸਮਝਣ ਤੇ ਇਸ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਪਰ ਇਸ ਵਿਸ਼ੇਸ਼ ਉਪਰਾਲੇ ਜਾਂ ਅਜੇਹੇ ਹੋਰ ਉਪਰਾਲਿਆਂ ਦੇ ਸਮੁਚੇ ਯੁਗ ਦੀ ਅਸਫਲਤਾ ਦਾ ਸਮਾਜਵਾਦ ਦੀ ਲੋੜ ਜਾਂ ਉਸ ਸਿਧਾਂਤ ਦੀ ਵੈਧਤਾ, ਜਿਸ ਨੇ ਇਸ ਦੀ ਲੋੜ ਨੂੰ ਨਿਰੂਪਿਤ ਕੀਤਾ ਸੀ, ਤੇ ਹੁਣ ਵੀ ਕੀਤਾ ਜਾ ਰਿਹਾ ਹੈ। ਉਪਰ ਕੋਈ ਪ੍ਰਭਾਵ ਨਹੀਂ ਪੈ ਸਕਦਾ। ਪੂੰਜੀ ਦੀ ਸੱਤਾ ਉਤੇ ਕਾਬੂ ਪਾਉਣ ਲਈ, ਸਮਾਜਵਾਦ ਦੀ ਵਿਉਂਤ, ਸੋਵੀਅਤ ਸੰਘ ਦੇ ਹੋਂਦ ਵਿਚ ਆਉਣ ਤੋਂ ਬਹੁਤ ਚਿਰ ਪਹਿਲਾਂ ਨਿੰਮੀ ਗਈ ਸੀ ਤੇ ਸੋਵੀਅਤ-ਸੰਘ ਦੇ ਅਣਹੋਇਆ ਹੋਣ ਤੋਂ ਬਾਅਦ ਵੀ ਇਹ ਉਸੇ ਕਾਰਨ ਕਰਕੇ ਵਿਦਮਾਨ ਹੈ। ਇਸ ਅਸਲੀਅਤ ਨੂੰ ਵਧੀਆ ਢੰਗ ਨਾਲ ਪੇਸ਼ ਕਰਦਿਆਂ ਇਹ ਕਿਹਾ ਗਿਆ ਹੈ ਕਿ ਸਮਾਜਵਾਦੀ ਸਿਆਸਤ ਦੀ ਅਸਲ ਬੁਨਿਆਦ ਸੋਵੀਅਤ ਸੰਘ ਨਹੀਂ ਸਗੋਂ ਸਰਮਾਏਦਾਰੀ ਦੀ ਮੌਜੂਦਗੀ ਸੀ। ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਿਆਂ ਕਿ ਉਥੇ ਬੜੀਆਂ ਹੀ ਤਰਤੀਬ ਨਾਲ ਗਲਤੀਆਂ ਹੋਈਆਂ ਸਨ, ਸਾਡੇ ਵਿਚੋਂ ਕੁਝ ਇਸ ਨੂੰ ਸੋਵੀਅਤ ਸੰਘ ਦੇ ਬਾਵਜੂਦ ਸਮਾਜਵਾਦੀ ਆਖਿਆ ਜਾ ਸਕਦਾ ਹੈ।

ਸਮਾਜਵਾਦ ਸਦਾ ਹੀ ਪੂੰਜੀਵਾਦ ਬਾਰੇ ਸੀ ਤੇ ਹੁਣ ਵੀ ਹੈ। ਇਸ ਸਦਾ ਵਾਂਗ ਹੁਣ ਵੀ ਪੂੰਜੀਵਾਦ ਦਾ ਵਿਸ਼ੇਸ਼ ਵਿਰੋਧੀ-ਬਦਲ ਹੈ। ਜਿੰਨੀ ਦੇਰ ਪੂੰਜੀਵਾਦ ਕਾਇਮ ਹੈ, ਸਮਾਜਵਾਦੀ ਉਪਰਾਲੇ ਦੀ ਠੋਸ ਬੁਨਿਆਦ ਬਰਕਰਾਰ ਰਹੇਗੀ, ਇਹ ਮਨੁਖ ਦਾ ਭਵਿਖ ਵਰਤੀ ਮਨਸੂਬਾ ਬਣਿਆ ਰਹੇਗਾ। ਇਹ ਠੀਕ ਹੈ ਕਿ ਜੋ ਭਾਣਾ ਵਾਪਰ ਚੁਕਾ ਹੈ, ਉਸ ਤੋਂ ਬਾਅਦ ਸਮਾਜਵਾਦ ਦੀ ਕਾਇਮੀ ਲਈ ਕੀਤੇ ਜਾਣ ਵਾਲੇ ਸੰਘਰਸ਼ ਨੂੰ ਵਧੇਰੇ ਨਿਸ਼ਚਿਤ ਤੇ ਚੰਗੀ ਤਰ੍ਹਾਂ ਸਮਝਣ ਦੀ ਜਰੂਰਤ ਹੇ। ਮਿਸਾਲ ਦੇ ਤੌਰ 'ਤੇ ਇਹ ਕਿ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਇਸ ਦੇ ਸੰਕ੍ਰਾਂਤੀ-ਕਾਲੀਨ ਰਾਹ ਤੇ ਰੂਪ ਕਿਹੋ ਜੇਹੇ ਹੋਣੇ ਚਾਹੀਦੇ ਹਨ ਜਾਂ ਅੱਜ ਦੇ ਦੌਰ ਵਿਚ ਵਿਸ਼ੇਸ਼ਕ ਬੁਰਜੂਆ ਜਮਹੂਰੀ ਸਰਕਾਰਾਂ ਵਾਲੇ ਦੇਸ਼ਾਂ ਵਿਚ ਇਨਕਲਾਬੀ ਸਮਾਜਵਾਦੀ ਸਿਆਸਤ ਵਿਚ ਕੀ ਕੀ ਸ਼ਾਮਿਲ ਹੈ, ਵਗੈਰਾ, ਵਗੈਰਾ। ਇਹ ਸਮਝ ਸਾਡੇ ਸ਼ੰਕਾਵਾਦੀ ਸਮਿਆਂ ਪ੍ਰਤੀ ਪੂਰਣ ਤੌਰ ਤੇ ਸੰਵੇਦਨਸ਼ੀਲ ਹੋਣੀ ਚਾਹੀਦੀ ਹੈ ਤੇ ਸੰਸਾਰ ਦੀ ਵਰਤਮਾਨ ਅਣਕਿਆਸੀ ਸਥਿਤੀ; ਜਿਸ ਵਿਚ ਸਮਾਜਵਾਦ ਦਾ ਪਹਿਲਾ ਤਜਰਬਾ ਨਾ-ਕਾਮਯਾਬ ਹੋ ਚੁਕਾ ਹੈ ਤੇ ਸਰਮਾਏਦਾਰੀ ਨੇ ਆਪਣਾ ਵਿਸ਼ਵ-ਗਲਬਾ ਫਿਰ ਕਾਇਮ ਕਰ ਲਿਆ ਹੈ, ਨਾਲ ਸਿਝੱਣ ਲਈ ਚੰਗੀ ਤਰ੍ਹਾਂ ਸਮ੍ਰਥ ਹੋਣੀ ਚਾਹੀਦੀ ਹੈ।

ਸਮਾਜਵਾਦ ਦੀ ਸਮਝ ਦੇ ਅਜੇਹੇ ਤੇ ਇਸ ਵਰਗੇ ਹੋਰ ਨਵੀਨੀਕਰਣ ਅਵੱਸ਼ ਹੀ ਲੋੜੀਂਦੇ ਹਨ ਪਰੰਤੂ ਇਹ ਮਾਰਕਸਵਾਦ ਤੋਂ ਬਿਨਾਂ ਨਹੀਂ ਸਗੋਂ ਇਸ ਦੇ ਅੰਤਰਗਤ ਹੀ ਸਾਰਥਿਕ ਹੋ ਸਕਦੇ ਹਨ। ਮਾਰਕਸਵਦ ਦੀਆਂ ਬੁਨਿਆਦੀ ਧਾਰਨਾਵਾਂ ਸਰਮਾਏਦਾਰੀ ਦੇ ਅਜੋਕੇ ਰੂਪ ਨੂੰ ਸਮਝਣ, ਇਸ ਦੀ ਆਲੋਚਨਾ ਕਰਨ ਤੇ ਇਸ ਵਿਰੁਧ ਸੰਗ੍ਰਾਮ ਵਿਢੱਣ ਲਈ ਲੋੜੀਂਦਾ ਸਿਧਾਂਤ ਪੇਸ਼ ਕਰਦੀਆਂ ਹਨ ਅਤੇ ਇਸ ਰਾਹੀਂ ਹੀ ਇਸ ਦੇ ਕੇਂਦਰਾਂ ਤੇ ਸੀਮਾਵਾਂ ਵਿਖੇ ਇਕਤ੍ਰੀਕਰਣ ਦੇ ਤਰਕ ਨੂੰ ਸਮਝਿਆ ਜਾ ਸਕਦਾ ਹੈ। ਇਹ ਸਰਮਾਏਦਾਰੀ ਦੀ ਨਵੀਂ ਵਿਸ਼ਵ-ਵਿਆਪੀ ਗਲਬੇ ਦੇ ਮਜ਼ਬੂਤੀ ਕਾਰਨ ਹੋਰ ਵੀ ਜ਼ਰੂਰੀ ਹੋ ਗਿਆ ਹੈ, ਜਿਸ ਦੇ ਫਲਸਰੂਪ ਹਰ ਥਾਂ ਦੇ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਵਧੀ ਹੈ, ਧਰਤੀ ਦੇ ਮਾਨਵੀ ਤੇ ਪ੍ਰਕ੍ਰਿਤਕ ਵਸੀਲਿਆਂ ਦਾ ਅੰਨ੍ਹਾ ਉਜਾੜਾ ਹੋਇਆ ਹੈ, ਸਦਾਚਾਰਕ, ਸਭਿਆਚਾਰਕ ਤੇ ਵਾਤਾਵਰਣਕ ਪੱਧਰ ਤੇ ਸੰਸਾਰ ਵਿਆਪੀ ਤਬਾਹੀ ਹੋਈ ਹੈ ਅਤੇ ਇਸ ਦੇ ਸਿਟੇ ਵਜੋਂ ਹਰ ਤਰ੍ਹਾਂ ਪਿਛਾਖੜੀ ਤੇ ਵਿਗਠਨਕਾਰੀ ਵਰਤਾਰਿਆਂ ਵਿਚ ਵਾਧਾ ਹੋਇਆ ਹੈ। ਸਰਮਾਏਦਾਰੀ ਦੇ ਗਲਬੇ, ਭਾਵੇਂ ਜ਼ਜ਼ਬੀ ਤੇ ਆਰਜ਼ੀ ਤੌਰ 'ਤੇ ਹੀ ਸਹੀ, ਇਸ ਦੇ ਸਮਾਜਵਾਦੀ ਮੁਤਬਾਦਲ ਦੀ ਬੇਦਖਲੀ ਤੇ ਬੇਵਸਾਹੀ ਦਾ ਨਿਸ਼ਚੇ ਹੀ, ਘੱਟ ਜਾਂ ਵੱਧ ਸੂਖਮ ਤੇ ਕੁਲੀਨ ਪਿਛਾਖੜੀ ਫਿਲਾਸਫੀਆਂ, ਹਾਬੜੇ ਹੋਏ ਖਪਤਕਾਰੀ ਵਿਅਕਤੀਵਾਦ ਦਾ ਜਾਰਹਾਨਾ ਪ੍ਰਚਾਰ, ਅੰਧ ਰਾਸ਼ਟ੍ਰਵਾਦ ਤੇ ਨਸਲਵਾਦ ਦਾ ਕਾਤਲਾਨਾ ਪਸਾਰਾ, ਸੰਕੀਰਣ ਕਬੀਲਾਵਾਦ ਤੇ ਅੰਨ੍ਹੀ ਸਿਜਾਤ-ਪ੍ਰਸਤੀ, ਧਾਰਮਿਕ ਤੇ ਹੋਰ ਮੂਲਵਾਦ ਤੇ ਦਹਿਸ਼ਤਪਸੰਦੀ ਦੇ

ਪਸਾਰੇ ਦਾ ਕੁਝ ਨਾ ਕੁਝ ਜਰੂਰ ਹੈ। ਸਰਮਾਏਦਾਰੀ ਦੀ ਨਵਿਆਈ ਵਿਚਾਰਧਾਰਕ ਚੌਧਰ ਕਾਰਨ, ਅੱਜ ਕੱਲ ਲੋਕਾਂ ਨੂੰ ਇਸ ਤਥ ਨੂੰ ਸਮਝਣ ਵਿਚ ਰੁਕਾਵਟ ਪੇਸ਼ ਹੋ ਰਹੀ ਹੈ। ਪਰ ਹਰ ਬਦਲਦੇ ਵਰ੍ਹੇ ਨਾਲ ਸਥਿਤੀ ਤਬਦੀਲ ਹੋ ਰਹੀ ਹੈ। ਇਸ ਸਭ ਕਾਸੇ ਦੀ ਬਾਹਿਰਮੁਖੀ ਅਸਲੀਅਤ ਦਿਨ-ਬ-ਦਿਨ ਲੋਕਾਂ ਦੀ ਚੇਤਨਾ ਵਿਚ ਧਸ ਰਹੀ ਹੈ। ਜਿਵੇਂ ਜਿਵੇਂ ਲੋਕ ਆਪਣੇ ਤਜਰਬੇ ਤੋਂ ਸਿਖਦੇ ਜਾਣਗੇ, ਤਿਵੇਂ ਤਿਵੇਂ ਹੀ ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਜਾਏਗਾ ਕਿ ਮਾਰਕਸਵਾਦ ਇਸ ਸਭ ਕੁਝ ਨੂੰ ਸਹੀ ਅਰਥਾਂ ਵਿਚ ਸਮਝਣ ਲਈ ਸਹਾਈ ਹੋ ਰਿਹਾ ਹੈ। ਇਹ ਬੁਰਜੂਆ ਤੇ ਹੋਰ ਸੰਬੰਧਿਤ ਪਿਛਾਂਹ-ਖਿੱਚੂ ਵਿਚਾਰਧਾਰਾਵਾਂ ਦੇ ਮੋਟੇ ਪਰਦੇ ਨੂੰ ਚੀਰ ਕੇ ਇਸ ਸੰਸਾਰ ਦਾ ਸੱਚ ਸਮਝਣ, ਆਪਣੀਆਂ ਬਦਕਿਸਮਤੀਆਂ ਦੇ ਸਹੀ ਸ੍ਰੋਤ ਨੂੰ ਪਛਾਣ ਕੇ ਲੋੜੀਂਦੇ ਕਦਮ ਪੁੱਟਣ ਦਾ ਮਾਰਗ ਦਰਸ਼ਨ ਕਰ ਰਿਹਾ ਹੈ।

ਅੱਜ ਦੀ ਦੁਨੀਆ, ਬੇਸ਼ੁਮਾਰ ਸਮਸਿਆਵਾਂ ਵਿਚ ਘਿਰੀ, ਜ਼ਾਹਿਰ ਹੈ ਕਿ ਗਹਿਰੀ ਸੰਕਟਾਂ ਵਿਚ ਘਿਰੀ ਹੋਈ ਹੈ। ਜਦੋਂ ਤੀਕ ਇਹ ਸੰਸਾਰ, ਵਿਸ਼ਵ-ਸਰਮਾਏਦਾਰੀ ਅਧੀਨ ਹੈ, ਮਾਰਕਸਵਾਦ ਇਨ੍ਹਾ ਸਮੱਸਿਆਵਾਂ ਨੂੰ ਸਮਝਣ ਤੇ ਇਨ੍ਹਾਂ ਦਾ ਸਾਹਮਣਾ ਕਰਕੇ ਸੁਲਝਾਉਣ ਵਾਲਿਆਂ ਲਈ ਅਨਿਵਾਰੀ ਹੈ। ਮੈਂ ਇਸ ਵਿਚ ਸਿਰਫ ਏਨਾ ਹੀ ਵਾਧਾ ਕਰਨਾ ਚਾਹਾਂਗਾ ਕਿ ਇਸ ਦੁਨੀਆਂ ਵਿਚ ਕੇਵਲ ਸਰਮਾਏਦਾਰੀ ਦੇ ਪ੍ਰੇਮੀ, ਜਾਂ ਇਸ ਦੇ ਕੇਵਲ-ਮਾਤਰ ਸ਼ਿਕਾਰ ਜਾਂ ਸੀ.ਰ਼ਾਈਟ ਮਿਲਜ਼ ਦੇ ਸ਼ਬਦਾਂ ਵਿਚ ਸਿਰਫ 'ਖੁਸ਼-ਫਹਿਮ ਰੋਬੋਟ' ਹੀ ਨਹੀਂ ਵਸਦੇ, ਸਗੋਂ ਇਸ ਵਿਚ ਕਾਫੀ ਗਿਣਤੀ ਵਿਚ ਗੁੱਸੇ ਖੋਰ ਬੰਦਿਆਂ ਦਾ ਵੀ ਵਸੇਬਾ ਹੈ, ਜੋ ਇਸ ਦੇ ਹਨ੍ਹੇਰੇ ਆਸਮਾਨ ਹੇਠ ਹਰ ਇਕ ਲਈ ਅਨੁਸਾਰੀ ਦੁਨੀਆਂ ਦੀ ਉਸਾਰੀ ਲਈ ਜੂਝ ਰਹੇ ਹਨ। ਉਨ੍ਹਾਂ ਨੂੰ ਮਾਰਕਸਵਾਦ ਵਿਚ ਹੀ, ਆਪਣੇ ਸੰਗ੍ਰਾਮਾਂ ਲਈ ਢੁਕਵੇਂ ਬੌਧਿਕ ਹਥਿਆਰ ਉਪਲਬਧ ਹੋਣਗੇ। ਇਸ ਲਈ ਜਿਵੇਂ ਮੈਂ ਸ਼ੁਰੂ ਵਿਚ ਹੀ ਆਖਿਆ ਸੀ ਕਿ ਵਰਤਮਾਨ ਸੰਕਟ ਦੌਰਾਨ ਜੋ ਖਤਰੇ ਵਿਚ ਹੈ, ਉਹ ਮਾਰਕਸਵਾਦ ਨਹੀਂ, ਜਿਸਦਾ ਆਲੋਚਨਾਤਮਿਕ ਬੌਧਿਕ ਪਰੰਪਰਾ ਅਤੇ ਸਮਾਜਵਾਦ ਦੇ ਤੌਰ 'ਤੇ ਸੁਰੱਖਿਅਤ ਹੈ, ਸਗੋਂ ਉਹ ਸਾਡੇ ਸਮਿਆਂ ਦੌਰਾਨ ਸਮਾਜਵਾਦ ਦਾ ਵਰਤਮਾਨ ਤੇ ਭਵਿੱਖ ਹੈ। ਇਸ ਲਿਖਤ ਵਿਚ, ਇਹੀ ਮੇਰਾ ਮੂਲ ਸਰੋਕਾਰ ਹੈ।

**ਤਰਾਸ਼ਦੀਆਂ**

# ਨਾ ਭੁੱਲਣਯੋਗ ਘਟਨਾਵਾਂ

- ਹਰਬੰਸ ਸਿੰਘ

ਸਭਿਅਕ ਸਮਾਜ ਦੀ ਦਿਸ਼ਾ ਵੱਲ ਕਦਮ ਜਮਹੂਰੀਅਤ ਸਮਾਜਾਂ ਦੀ ਉਸਾਰੀ ਨਾਲ ਬੜੇ ਨੇੜੇ ਤੋਂ ਜੁੜੇ ਹੋਏ ਹਨ। ਹਜ਼ਾਰਾਂ ਲੋਕਾਂ ਨੇ ਆਪਣੀ ਵੋਟ ਦਾ ਹੱਕ ਅਤੇ ਇਸ ਵੋਟ ਰਾਹੀਂ ਆਪਣੇ ਹੱਕ ਦੇ ਕਾਇਦੇ ਕਾਨੂੰਨ ਵਿਕਸਿਤ ਕਰਨ ਲਈ ਜਮਹੂਰੀ ਕਿਸਮ ਦੇ ਸਮਾਜਾਂ ਵੱਲ ਕਦਮ ਪੁੱਟੇ। ਬਾਦਸ਼ਾਹੀਆਂ ਲੋਕਾਂ ਨੇ ਪਰ੍ਹੇ ਵਗਾਹ ਮਾਰੀਆਂ। ਵਿਦੇਸ਼ੀ ਰਾਜਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰਵਾਇਆ ਅਤੇ ਆਜ਼ਾਦੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਜਿਹੇ ਪ੍ਰਬੰਧਾਂ ਦੀ ਇੱਛਾ ਕੀਤੀ ਕਿ ਜਿਥੇ ਲੋਕ ਆਪਣੀ ਆਰਥਿਕ ਗਤੀਵਿਧੀ ਬਰਾਬਰਤਾ ਦੇ ਆਧਾਰ 'ਤੇ ਕਰਨਗੇ ਉਥੇ ਕਿਸੇ ਕਿਸਮ ਦਾ ਜਾਤੀ, ਸਮਾਜੀ ਅਤੇ ਸਭਿਆਚਾਰਕ ਇਥੋਂ ਤੱਕ ਧਾਰਮਿਕ ਵਿਤਕਰਾ ਵੀ ਨਹੀਂ ਹੋਵੇਗਾ। ਹਰੇਕ ਕੌਮ ਆਪਣੀ ਵੱਖਰੀ ਪਹਿਚਾਣ ਬਣਾ ਕੇ ਆਪਣੇ ਸਭਿਆਚਾਰ ਅਤੇ ਭਾਸ਼ਾ ਨੂੰ ਵਿਕਸਿਤ ਕਰੇਗੀ। ਇਸ ਕਿਸਮ ਦੀ ਸੋਝੀ ਵੱਖ ਵੱਖ ਦੇਸ਼ਾਂ ਵਿਚ ਵਿਕਸਿਤ ਹੋਈ ਅਤੇ ਲੋਕ ਜਾਂਗਲੀ ਕਿਸਮ ਦੇ ਸਮਾਜਾਂ ਤੋਂ ਪਾਰ ਆਪਣੇ ਆਪ ਨੂੰ ਮਹਿਸੂਸ ਕਰਨ ਲੱਗੇ ਅਤੇ ਨਿਕਲ ਵੀ ਗਏ ਪ੍ਰੰਤੂ ਕਈ ਵਾਰੀ ਕਈ ਸਮਾਜਾਂ ਵਿਚ ਇੰਝ ਦਾ ਵਾਪਰਿਆ ਕਿ ਰਾਜਨੀਤੀ ਦੀਆਂ ਮਾੜੀਆਂ ਅਤੇ ਭੈੜੀਆਂ ਖੇਡਾਂ ਨੇ ਲੋਕਾਂ ਲਈ ਅਜਿਹੀਆਂ ਤਰਾਸ਼ਦੀਆਂ ਸਿਰਜੀਆਂ ਜਿਹੜੀਆਂ ਨਾਸੂਰ ਬਣਕੇ ਅੱਜ ਵੀ ਰਿਸ ਰਹੀਆਂ ਹਨ। ਜਿਨ੍ਹਾਂ 'ਚੋਂ ਪੰਜਾਬ ਦੀ ਤਰਾਸ਼ਦੀ ਇਕ ਹੈ ਜਿਸ ਵਿਚ ਜਮਹੂਰੀਅਤ ਦੀ ਰਾਖੀ ਦੇ ਨਾਂ 'ਤੇ ਦੰਗੇ ਉਤਪੰਨ ਹੋਏ ਜਿਹੜੇ ਸੰਵਿਧਾਨ ਦੇ ਕਿਸੇ ਵੀ ਪੰਨੇ ਰਾਹੀਂ ਸਹੀ ਨਹੀਂ ਦਰਸਾਏ ਜਾ ਸਕਦੇ ਸਨ। ਉਨ੍ਹਾਂ ਵਿਚ 84 ਦੇ ਦੰਗੇ ਭਾਰਤ ਦੇ ਇਤਿਹਾਸ ਵਿਚ ਸੰਵਿਧਾਨ ਤੋਂ ਕੋਹਾਂ ਦੂਰ ਜਾਂਗਲੀ ਕਿਸਮ ਦੀ ਪ੍ਰਵਿਰਤੀ ਦਾ ਹਿਸਾ ਹਨ। ਇਸ ਕਰਕੇ ਕਿਹਾ ਜਾਂਦਾ ਹੈ ਕਿ ਜਦ ਤੱਕ ਜਮਹੂਰੀਅਤ ਲੋਕਾਂ ਵਲੋਂ ਆਪਣੇ ਢੰਗ ਨਾਲ ਵਿਕਸਿਤ ਨਹੀਂ ਕੀਤੀ ਜਾਂਦੀ ਤਦ ਤੱਕ ਹੁਕਮਰਾਨਾ ਦੀ ਜਮਹੂਰੀਅਤ ਇਸ ਕਿਸਮ ਦੀ ਹੀ ਹੋਵੇਗੀ। ਇਸ ਕੜੀ ਵਿਚ ਅੱਜ ਵੀ ਦੇਸ਼ ਦੇ ਵੱਖ-ਵੱਖ ਕੋਨਿਆਂ 'ਤੇ ਅਜਿਹੇ ਧੱਕੇ ਅਤੇ ਵਿਤਕਰੇ ਹੋ ਰਹੇ ਹਨ ਜੋ ਲੋਕਾਂ ਦੇ ਖੇਤਰੀ ਸਭਿਆਚਾਰ, ਭਾਸ਼ਾਵਾਂ, ਪਹਿਚਾਣਾਂ ਅਤੇ ਘੱਟ ਗਿਣਤੀਆਂ ਨੂੰ ਵਿਕਸਿਤ ਹੋਣ ਦੀ ਥਾਂ 'ਤੇ ਉਨ੍ਹਾਂ ਨੂੰ ਹੇਠਾਂ ਨੂੰ ਨੱਪਿਆ ਜਾ ਰਿਹਾ ਹੈ। ਇਹ ਤਰਾਸ਼ਦੀਆਂ ਘਟਨ ਦੀ ਥਾਂ ਵਧਦੀਆਂ ਜਾ ਰਹੀਆਂ ਹਨ। ਇਸ ਨਾਲ ਜਿਥੇ ਪੂੰਜੀਵਾਦ ਦੇ ਆਰਥਿਕ ਪਾੜੇ ਕਾਰਨ ਸਤਾਏ ਲੋਕਾਂ ਨੇ ਇਕਜੁਟ ਹੋ ਕੇ ਕੋਈ ਨਵਾਂ ਰਸਤਾ ਅਖ਼ਤਿਆਰ ਕਰਨਾ ਹੈ, ਉਸ ਦੀ ਥਾਂ ਆਪੋ-ਆਪਣੇ ਢੰਗਾਂ ਨਾਲ ਛੋਟੇ-ਛੋਟੇ ਦਾਇਰਿਆਂ ਅਤੇ ਸੋਚਾਂ ਦੇ ਗਰੁੱਪ ਉਪਜ ਰਹੇ ਹਨ ਜੋ ਵੱਡੀ ਆਜ਼ਾਦੀ ਦੇ ਰਾਹ ਵਿਚ ਸਹਾਈ ਹੋਣ ਦੀ ਥਾਂ ਅੜਿੱਕੇ ਦਾ ਕੰਮ ਹੀ ਕਰ ਰਹੇ ਹਨ। ਅਜਿਹੇ ਹਾਲਾਤਾਂ ਨੂੰ ਮੋੜਾ ਦੇਣਾ ਸਮੇਂ ਦੀ ਅਣਸਰਦੀ ਲੋੜ ਹੈ। ਦੇਖੋ ਕਿਸ ਕਰਵਟ ਦੇਸ਼ ਦੀ ਹੋਣੀ ਆਪਣਾ ਰੁਖ ਅਖ਼ਤਿਆਰ ਕਰੇਗੀ। ਜਾਪਦਾ ਤਾਂ ਇੰਝ ਹੈ ਕਿ ਬੌਧਿਕ ਗਰੀਬੀ ਕਾਰਨ ਨੇੜ ਭਵਿੱਖ ਵਿਚ ਤਰਾਸ਼ਦੀਆਂ ਹੋਰ ਵਧਣਗੀਆਂ ਜਿਸ ਦਾ ਇਜ਼ਹਾਰ ਪੰਜਾਬ ਅੰਦਰ ਕਈ ਰੂਪਾਂ ਵਿਚ ਦੇਖਿਆ ਜਾ ਸਕਦਾ ਹੈ। ਕੋਈ ਨਵੀਂ ਕਿਸਮ ਦੀ ਬੌਧਿਕ, ਵਿਚਾਰਧਾਰਕ ਅਤੇ ਆਰਥਿਕ ਦਿਸ਼ਾ ਵਾਲੀ ਤਾਕਤ ਜਥੇਬੰਦਕ ਰੂਪ ਵਿਚ ਉਭਰ ਨਹੀਂ ਰਹੀ ਜਿਸ ਨੇ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਦੂਰ ਕਰਨਾ ਹੈ ਅਤੇ ਇਕ ਰੌਸ਼ਨ ਸਮਾਜ ਦੀ ਉਸਾਰੀ ਕਰਨੀ ਹੈ। ਪਰ ਜਿਸ ਕਿਸਮ ਨਾਲ ਸੰਕਟ ਦੁਨੀਆ ਦੇ ਪੈਮਾਨੇ 'ਤੇ ਡੂੰਘਾ ਹੁੰਦਾ ਜਾ ਰਿਹਾ ਹੈ ਉਸ ਦਾ ਸਿੱਧਾ ਜਾਂ ਅਸਿੱਧਾ ਅਸਰ ਹਰੇਕ ਮੁਲਕ ਦੀਆਂ ਅੰਦਰੂਨੀ ਵੰਨਗੀ ਉਪਰ ਵੀ ਪੈ ਰਿਹਾ ਹੈ। ਇਨ੍ਹਾਂ ਸਭ ਨੁਕਤਿਆਂ ਨੂੰ ਸਮਝ ਕੇ ਇਕ ਵਿਚਾਰਾਂ ਦੇ ਪੱਧਰ 'ਤੇ ਤਰਾਸ਼ਦੀਆਂ ਤੋਂ ਉਪਰ ਦੀ ਸਮਝਦਾਰੀ ਵਿਕਸਤ ਕਰਨੀ ਚਾਹੀਦੀ ਹੈ।

Avtar Singh Kamboj

Sales Representative

Sutton

Direct : 416.319.9830

Sutton Group - Commitment Realty Ltd. BROKERAGE

Independently Owned & Operated

45 Woodbine Downs Blvd., Unit #3

Toronto, Ontario M9W 6N5

Bus: 905-746-9494

Fax: 416-674-1682


E-mail: akamboj@trebnet.com

web: www.suttongroupcommitment.com




# ਕਿਤਾਬ ਰਿਲੀਜ਼ 'ਕਾਰਲ ਮਾਰਕਸ ਅਤੇ ਉਹਦਾ ਮਾਰਕਸਵਾਦ'

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ ਦੇ ਮੌਕੇ 'ਤੇ ਲੋਕਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ ਅਤੇ ਅਕਾਰ ਬੁੱਕਸ ਵਲੋਂ ਪ੍ਰਕਾਸ਼ਿਤ ਕਿਤਾਬ 'ਕਾਰਲ ਮਾਰਕਸ ਅਤੇ ਉਹਦਾ ਮਾਰਕਸਵਾਦ' ਰਿਲੀਜ਼ ਕੀਤੀ ਗਈ ਜਿਸ ਨੂੰ ਰਿਲੀਜ਼ ਕਰਨ ਦੀ ਰਸਮ ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਗੁਰਮੀਤ, ਅਮੋਲਕ ਸਿੰਘ (ਦੇਸ਼ ਭਗਤ ਯਾਦਗਾਰ ਹਾਲ, ਜਲੰਧਰ), ਪ੍ਰੋ. ਅਤੁਲ ਸੂਦ (ਜਵਾਈ ਗੁਰਸ਼ਰਨ ਭਾਅ ਜੀ), ਕਾਮਰੇਡ ਨਰਭਿੰਦਰ, ਕਾਮਰੇਡ ਜਗਰੂਪ ਸਿੰਘ, ਕਾਮਰੇਡ ਰਘਬੀਰ ਕੌਰ ਆਦਿ ਨੇ ਅਦਾ ਕੀਤੀ। ਇਸ ਮੌਕੇ ਕਿਤਾਬ ਸਬੰਧੀ ਵਿਚਾਰ ਰੱਖਦਿਆਂ ਵਕਤਿਆਂ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਨੂੰ ਜਿਸ ਕਿਸਮ ਨਾਲ ਇਸ ਕਿਤਾਬ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਗਈ ਹੈ ਉਹ ਪੰਜਾਬ ਵਿਚ ਆਪਣੇ ਕਿਸਮ ਦੀ ਵਿਲੱਖਣ ਪਿਰਤ ਹੈ। ਕਿਉਂਕਿ ਵਿਚਾਰਧਾਰਕ ਸਵਾਲਾਂ ਨੂੰ ਬੜੇ ਸਲੀਕੇ ਨਾਲ ਅਤੇ ਆਧੁਨਿਕ ਸਮਿਆਂ ਦੇ ਪੱਧਰ 'ਤੇ ਸਮਝਣ ਵਾਲੇ ਪ੍ਰੋ. ਰਣਧੀਰ ਸਿੰਘ ਦੀ ਇਹ ਲਿਖਤ ਪੰਜਾਬ ਅਤੇ ਦੁਨੀਆ ਅੰਦਰ ਸਮਾਜਵਾਦੀ ਵਿਚਾਰਾਂ ਨੂੰ ਵਿਕਸਿਤ ਕਰਨ ਵਿਚ ਆਪਣਾ ਯੋਗਦਾਨ ਪਾਏਗੀ ਅਤੇ ਗੁਰਸ਼ਰਨ ਭਾਅ ਜੀ ਦੀ ਸਮਝ ਨੂੰ ਸਹੀ ਸੰਦਰਭ ਵਿਚ ਰੱਖਣ ਵਿਚ ਇਸ ਦੀ ਅਹਿਮ ਭੂਮਿਕਾ ਹੋਵੇਗੀ।ਉਨ੍ਹਾਂ ਇਹ ਵੀ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਸੀਂ ਵਿਚਾਰਾਂ ਦੇ ਪੱਧਰ 'ਤੇ ਆਪਣੇ ਆਪ ਨੂੰ ਹੋਰ ਵਿਕਸਿਤ ਕਰੀਏ ਅਤੇ ਹਾਲਾਤਾਂ ਨੂੰ ਸਹੀ ਮੋੜਾ ਦੇਣ ਲਈ ਚੇਤਨਾ ਵਿਕਸਿਤ ਕਰੀਏ। ਇਸ ਕਿਸਮ ਦੀ




ਕੋਸ਼ਿਸ਼ ਵਿਚ ਸ੍ਰ. ਸਾਧੂ ਸਿੰਘ (ਕੈਨੇਡਾ) ਦਾ ਉਚੇਚਾ ਯੋਗਦਾਨ ਹੈ ਜਿਨ੍ਹਾਂ ਨੇ ਨਿਠਕੇ ਇਹ ਕਿਤਾਬ ਨੂੰ ਅਨੁਵਾਦਨ ਕਰਨ ਵਿਚ ਆਪਣਾ ਸਮਾਂ ਅਤੇ ਤਾਕਤ ਲਗਾਈ ਹੈ। ਇਸ ਕਿਤਾਬ ਨੂੰ ਹਰਬੰਸ ਸਿੰਘ ਅਤੇ ਦਵਿੰਦਰ ਤੂਰ ਵਲੋਂ ਦਿੱਤੇ ਸਹਿਯੋਗ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਮੌਕੇ 'ਤੇ ਲਗਭਗ 20 ਹਜ਼ਾਰ ਲੋਕਾਂ ਦੀ ਇਕੱਤਰਤਾ ਸੀ ਜਿਸ ਵਿਚ ਪੰਜਾਬੀ ਦੇ ਪ੍ਰਸਿੱਧ ਆਗੂ, ਲੇਖਕ, ਸਾਹਿਤਕਾਰ ਅਤੇ ਰੰਗਕਰਮੀ ਸ਼ਾਮਲ ਸਨ। ਇਹ ਸਾਰੀ ਰਾਤ ਚਲਣ ਵਾਲੇ ਇਸ ਨਾਟਕ ਮੇਲੇ ਦੀ ਅਹਿਮ ਪ੍ਰਾਪਤੀ ਸੀ ਕਿ ਇਹ ਮੇਲਾ ਗੁਰਸ਼ਰਨ ਭਾਅ ਜੀ ਦੀ ਦੇਣ ਨੂੰ ਸਮਰਪਿਤ ਸੀ।

ਰਜਿਸਟ੍ਰੇਸ਼ਨ ਨੰਬਰ 210836300

# ਕਾਰਲ ਮਾਰਕਸ ਤੇ ਉਹਦਾ ਮਾਰਕਸਵਾਦ

ਕਾਰਲ ਮਾਰਕਸ ਤੇ ਉਹਦਾ ਮਾਰਕਸਵਾਦ



ਸਮਰਪਿਤ
ਗੁਰਸ਼ਰਨ ਭਾਅ ਜੀ ਨੂੰ

ਲੇਖਕ
ਪ੍ਰੋ. ਰਣਧੀਰ ਸਿੰਘ

ਅਨੁਵਾਦਕ
ਸਾਧੂ ਸਿੰਘ

Published by
**AAKAR BOOKS**
28 E Pocket IV, Mayur Vihar Phase I, Delhi-110 091
Phone : 011-2279-5505 Telefax : 011-2279-5641
aakarbooks@gmail.com ; www.aakarbooks.com
&
Pro-People Arts Project Media Group
**SAROKARAN DI AWAZ**
29 MAPLEVIWE AVE, BRAMPTON ONTARIO, CANADA L6R 1M2
416-902-9372, 416-817-7142, 416-895-4100
E-Mail : ppapmg@gmail.com www.ppapmg.com